ੴ ਸਤਿਗੁਰਪ੍ਰਸਾਦਿ॥

ਕਾਢਿ ਖੜਗੁ ਗੁਰ ਗਿਆਨ ਕਰਾਰਾ
ਬਿਖੁ ਛੇਦਿ ਛੇਦਿ ਰਸ ਪੀਜੈ॥

# ਇਕ ਉਮਰ ਕੈਦੀ ਦਾ ਸੁਪਨਾ

[ਇਕ ਸੁਆਦਲੀ ਤੇ ਸਿਖਿਆਦਾਇਕ ਕਹਾਣੀ]

ਇਕ ਆਤਮਿਕ ਖੋਜੀ ਵਿਦਵਾਨ ਸਜਣ ਦੀ ਕਲਮ ਤੋਂ

*ਲਿਖਤ :*

**ਭਾਈ ਸਾਹਿਬ ਰਣਧੀਰ ਸਿੰਘ**

ੴ
ਏਕੋ ਜਪਿ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ੴ ਸਤਿਗੁਰਪ੍ਰਸਾਦਿ ॥

ਕਾਢਿ ਖੜਗੁ ਗੁਰ ਗਿਆਨ ਕਰਾਰਾ
ਬਿਖੁ ਛੇਦਿ ਛੇਦਿ ਰਸ ਪੀਜੈ ॥

# ਇਕ ਉਮਰ ਕੈਦੀ ਦਾ ਸੁਪਨਾ

[ਇਕ ਸੁਆਦਲੀ ਤੇ ਸਿਖਿਆਦਾਇਕ ਕਹਾਣੀ]

ਇਕ ਆਤਮਿਕ ਖੋਜੀ ਵਿਦਵਾਨ ਸਜਣ ਦੀ ਕਲਮ ਤੋਂ

*ਪ੍ਰਕਾਸ਼ਕ :*

**ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ,**
**ਐਫ-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ**
**thebhaisahibtrust@rediffmail.com**
**thebhaisahibtrust@gmail.com**

bsrstrust.org

ਕਾਪੀ ਰਾਈਟ
ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ
ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ। ਸਿਵਾਏ ਆਲੋਚਨਾ ਜਾਂ ਖੋਜ ਵਿਚ ਹਵਾਲੇ ਦੇਣ ਦੇ, ਇਸ ਪੁਸਤਕ ਵਿਚੋਂ ਕੋਈ ਲੇਖ ਜਾਂ ਕਿਸੇ ਲੇਖ ਦਾ ਭਾਗ ਕਿਸੇ ਪੁਸਤਕ ਜਾਂ ਰਸਾਲੇ ਵਿਚ ਬਿਨਾਂ ਆਗਿਆ ਛਾਪਣਾ ਗੈਰ-ਕਾਨੂੰਨੀ ਤੇ ਕਾਪੀ ਰਾਈਟ ਅਧਿਕਾਰਾਂ ਦੀ ਉਲੰਘਣਾ ਹੋਵੇਗੀ।

## ਤਤਕਰਾ


| | | |
|---|---|---|
| ੧. | ਉਮਰ ਕੈਦੀ ਦਾ ਸੁਪਨਾ | ੫ |
| ੨. | ਨਵੀਂ ਦੁਨੀਆ | ੧੧ |
| ੩. | ਅਜੀਬ ਬਜ਼ਾਰ-ਹੀਰੇ ਮੋਤੀਆਂ ਦੇ ਢੇਰ-<br>ਹੀਰਿਆਂ ਵਾਲੀ ਖੜਕ-ਰਿੱਛ ਨਾਲ ਸਿਝਣਾ- | ੧੪ |
| ੪. | ਠਗਣੀ ਨਾਲ ਗੱਲ-ਬਾਤ-ਠਗਣੀ ਦੇ ਉਲਾਂਭੇ-<br>ਰਿੱਛ ਦੀ ਸਵਾਰੀ ਤੇ ਰਿੱਛ ਦਾ ਕਤਲ- | ੨੫ |
| ੫. | ਪੰਜ ਮੂੰਹ ਕਾਲੇ-ਖ਼ਤਰੇ ਦੀ ਘੰਟੀ-<br>ਦਫ਼ਤਰ ਵਿਚ ਲੇਖਾ-ਛੁਟਕਾਰਾ- | ੩੩ |



ਨੌਂਵੀਂ ਵਾਰ ਮਈ ੧੯੭੮
ਦਸਵੀਂ ਵਾਰ ਅਕਤੂਬਰ ੧੯੮੪
ਗਿਆਰਵੀਂ ਵਾਰ ਜਨਵਰੀ ੧੯੯੦
ਬਾਰ੍ਹਵੀਂ ਵਾਰ ਜੁਲਾਈ ੧੯੯੪
ਤੇਰਵੀਂ ਵਾਰ ਅਪ੍ਰੈਲ ੨੦੧੧

ਭੇਟਾ - ₹ ੨੦

ਛਾਪਕ :
ਫੋਆਇਲ ਪ੍ਰਿੰਟਰਜ਼, ਲੁਧਿਆਣਾ


bsrstrust.org

# ਸੂਚਨਾ

(ਈਲੈਕੱਟ੍ਰੌਨਿੱਕ ਐਡੀਸ਼ਨ)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿੱਚ ਇਕ ਨਿਰਮੋਲ ਖ਼ਜ਼ਾਨਾ ਸੁਸ਼ੋਭਤ ਹੈ, ਜਿਸ ਵਿੱਚ ਭਾਈ ਸਾਹਿਬ ਨੇ ਗੁਰਮਤਿ ਦੇ ਤਕਰੀਬਨ ਹਰ ਪੱਖ ਦੀ ਵਿਆਖ਼ਿਆ ਕੀਤੀ ਹੋਈ ਹੈ ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਭਾਈ ਸਾਹਿਬ ਦੇ ਸਮਕਾਲੀ ਅਤੇ ਜ੍ਹੇਲ ਸਾਥੀ ਗਿਆਨੀ ਨਾਹਰ ਸਿੰਘ ਅਤੇ ਗਿਆਨੀ ਹਰਭਜਨ ਸਿੰਘ ਚਮਿੰਡਾ ਨੇ ਅਰੰਭ ਕੀਤੀ । ਉਸ ਤੋਂ ਉਪਰੰਤ 1962 ਵਿੱਚ ਇਸਦੀ ਸੇਵਾ ਭਾਈ ਸਾਹਿਬ ਦੇ ਸਪੁਤੱਰ ਭਾਈ ਬਲਬੀਰ ਸਿੰਘ ਦੇ ਹਵਾਲੇ ਕਰ ਦਿਤੀ ਗਈ, ਜਿਸ ਵਿੱਚ ਭਾਈ ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀਆਂ ਵਡੱਮੁਲੀਆਂ ਲਿਖਤਾਂ ਨੂੰ ਸਹੀ ਤਰੀਕੇ ਨਾਲ ਛਾਪਿਆ ਅਤੇ ਵੰਡਿਆ । ਭਾਈ ਸਾਹਿਬ ਦੀ ਜਨਮ ਸ਼ਤਾਬਦੀ ਦੇ ਸਮੇਂ, 1978 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਅਸਥਾਪਿਤ ਕੀਤਾ ਗਇਆ, ਜਿਸ ਦੀ ਸਰਪ੍ਰਸਤੀ ਹੇਠ ਇਹ ਪੁਸਤਕਾਂ ਅੱਜ ਤੱਕ ਪ੍ਰਕਾਸ਼ਿਤ ਹੋ ਰਹੀਆਂ ਹਨ ।

ਅਜੋਕੇ ਸਮੇਂ ਵਿੱਚ ਭਾਰਤ ਤੋਂ ਬਾਹਰ ਭਾਈ ਸਾਹਿਬ ਦੀਆਂ ਲਿਖਤਾਂ ਦੀ ਮੰਗ ਬਹੁਤ ਵਧ ਰਹੀ ਹੈ । ਨੌਜਵਾਨ ਪੀੜੀ ਦੀ ਮੰਗ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ. ਅਤੇ ਅਖੰਡ ਕੀਰਤਨੀ ਜਥਾ ਯੂ.ਕੇ. ਨੇ ਇਨ੍ਹਾਂ ਪੁਸਤਕਾਂ ਨੂੰ ਇੰਟਰਨੈਟ ਮੀਡੀਆ ਰਾਹੀਂ ਸੰਗਤਾਂ ਵਾਸਤੇ ਹਾਜ਼ਰ ਕੀਤੀਆਂ ਹਨ । ਸਾਨੂੰ ਆਸ ਹੈ ਕੇ ਥਾਂ ਥਾਂ ਵਸਦੀਆਂ ਸੰਗਤਾਂ ਇਸ ਉਪਰਾਲੇ ਦਾ ਸਹੀ ਲਾਭ ਲੈ ਸਕਣਗੀਆਂ । ਅਸੀਂ ਧੰਨਵਾਦੀ ਹਾਂ ਸਾਧ-ਸੰਗਤ ਅਤੇ ਉਨ੍ਹਾਂ ਸੱਜਣਾਂ ਦੇ ਜੋ ਨਿਰੰਤਰ ਇਸ ਸੇਵਾ ਵਿੱਚ ਹਿੱਸਾ ਪਾਓਦੇਂ ਹਨ ।

ਗੁਰੂ ਸਾਹਿਬ ਦੀ ਮਿਹਰ ਅਤੇ ਸੰਮੂਹ ਸੰਗਤਾਂ ਦੀਆਂ ਆਸੀਸਾਂ ਸਦਕਾ ਇਹ ਕਾਰਜ ਹੋਇਆ ਹੈ ਅਤੇ ਆਸ ਰੱਖਦੇ ਹਾਂ ਕੇ ਅਗੇ ਤੋਂ ਵੀ ਸੰਗਤਾਂ ਦਾ ਸਹਿਯੋਗ ਮਿਲਦਾ ਰਹੇਗਾ ।

ਜੁਝਾਰ ਸਿੰਘ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਯੂ.ਕੇ.**

ਜਨਵਰੀ 2013, ਯੂ.ਕੇ.

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

*ਵੈਬਸਾਈਟ (Website): www.bsrstrust.org*

*ਈ-ਮੇਲ (Email): info@bsrstrust.org*

*ਫੇਸਬੁੱਕ (Facebook): www.facebook.com/BSRSTrust*

*ਟਵਿਟਰ (Twitter): www.twitter.com/BSRSTrust (@BSRSTrust)*

ਪ੍ਰਕਾਸ਼ਕ:

**ISBN: 978-1-909065-58-1**

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

# ਅਰੰਭਕ ਵਚਨ

ਪੰਜਾਬੀ ਵਿਚ ਵਾਧੂ ਕਿੱਸੇ ਕਹਾਣੀਆਂ ਵਾਲੀਆਂ ਕਿਤਾਬਾਂ ਤੇ ਸ਼ਿੰਗਾਰ ਰਸ ਦੀ ਪ੍ਰਧਾਨਤਾ ਵਾਲੇ ਨਾਵਲ ਬਥੇਰੇ ਹਨ, ਪਰ ਉਚ ਖ਼ਿਆਲ ਦੀਆਂ ਉਡਾਰੀਆਂ ਵਾਲੀਆਂ ਇਖ਼ਲਾਕੀ ਤੇ ਆਤਮਕ ਸਿਖਿਆ ਦੇਣ ਵਾਲੀਆਂ ਕਹਾਣੀਆਂ ਦੀਆਂ ਪੁਸਤਕਾਂ ਕੋਈ ਵਿਰਲੀਆਂ ਹੀ ਛਪੀਆਂ ਹੋਈਆਂ ਦੇਖਣ ਵਿੱਚ ਆਉਂਦੀਆਂ ਹਨ। ਇਹ ਉਮਰ ਕੈਦੀ ਦਾ ਸੁਪਨਾ, ਇਕ ਉਚ ਆਤਮਿਕ ਸਿਖਿਆ ਪੂਰਤ ਕਹਾਣੀ ਹੈ, ਜਿਸ ਤੋਂ ਆਦਮੀ ਨੂੰ ਮਨ ਦੀ ਹਾਲਤ, ਮਾਇਆ ਦਾ ਪ੍ਰਭਾਵ ਤੇ ਮੁਕਤੀ ਪ੍ਰਾਪਤ ਹੋਣ ਦੇ ਸਾਧਨਾਂ ਦਾ ਬੜੇ ਸੌਖੇ ਢੰਗ ਨਾਲ ਪਤਾ ਲਗਦਾ ਹੈ। ਚੂੰਕਿ ਇਹ ਸਭ ਗੱਲ ਇਕ ਕਹਾਣੀ ਦੇ ਢੰਗ ਵਿਚ ਵਰਨਣ ਕੀਤੀ ਹੋਈ ਹੈ, ਇਹ ਲਈ ਇਹ ਹੋਰ ਭੀ ਸੁਆਦਲੀ ਹੈ। ਇਸ ਕਹਾਣੀ ਦੇ ਲਿਖਾਰੀ ਨੇ ਗੁਰਸਿਖੀ ਦੇ ਉਚ ਆਦਰਸ਼ ਨੂੰ ਬੜੇ ਸੋਹਣੇ ਢੰਗ ਨਾਲ ਨਿਭਾ ਕੇ ਆਮ ਪੜ੍ਹਨ ਵਾਲੇ ਸੱਜਣਾਂ ਦੇ ਸਮਝਣ ਲਈ ਬੜੀ ਹੀ ਸੁਗਮਤਾ ਪੈਦਾ ਕਰ ਦਿੱਤੀ ਹੈ। ਇਹ ਨਿਰੀ ਕਹਾਣੀ ਹੀ ਨਹੀਂ ਸਗੋਂ ਉੱਚੇ ਸੁਰਤ-ਮੰਡਲਾਂ ਵਿਚ ਜਾ ਕੇ ਆਤਮਕ ਅਵਸਥਾ ਨੂੰ ਅਨੁਭਵ ਕਰਨ ਦੀ ਹਾਲਤ ਨੂੰ ਕਹਾਣੀ ਦੀ ਸ਼ਕਲ ਵਿਚ ਪ੍ਰਗਟ ਕੀਤਾ ਗਿਆ ਹੈ, ਜੋ ਕਿ ਲਿਖਾਰੀ ਜੀ ਦੀ ਵਿਦਵਤਾ ਦਾ ਕਮਾਲ ਤੇ ਕੋਮਲ ਹੁਨਰ ਹੈ।

ਇਸ ਟਰੈਕਟ ਦੇ ਲਿਖਾਰੀ, ਉਚ ਆਤਮਕ ਮੰਡਲਾਂ ਵਿਚ ਉਡਾਰੀ ਲਾਉਣ ਵਾਲੇ ਗੁਰਮੁਖ ਪ੍ਰੇਮੀ, ਪੰਥ ਤੇ ਦੇਸ਼ ਹਿਤੈਸ਼ੀ ਸੱਜਣ ਹਨ, ਜਿਨ੍ਹਾਂ ਨੇ ਆਪਣਾ ਨਾਮ ਪ੍ਰਗਟ ਕਰਨ ਦੀ ਆਗਿਆ ਨਹੀਂ ਦਿੱਤੀ। ਉਮੈਦ ਹੈ ਕਿ ਪਾਠਕ ਏਸ ਟਰੈਕਟ ਤੋਂ ਲਾਭ ਉਠਾਉਣਗੇ ਤੇ ਲੇਖਕ ਜੀ ਦੇ ਯਤਨ ਨੂੰ ਸਫਲਾ ਕਰਨਗੇ।



bsrstrust.org

ਦਾਸ ਨੂੰ ਉਨ੍ਹਾਂ ਦੀ ਆਗਿਆ ਅਨੁਸਾਰ ਇਸ ਨੂੰ ਪ੍ਰਕਾਸ਼ਤ ਕਰਨ ਵਿਚ ਬੜੀ ਪ੍ਰਸੰਨਤਾ ਹੈ। ਜੇ ਗੁਰੂ ਨੇ ਸਹਾਇਤਾ ਕੀਤੀ, ਤਦ ਇਸੇ ਲੇਖਕ ਦੀ ਕਲਮ ਤੋਂ ਲਿਖੇ ਹੋਏ ਹੋਰ ਪੁਸਤਕ, ਜਿਹਾ ਕਿ 'ਅੰਮ੍ਰਿਤ ਕੀ ਹੈ ?' ਆਦਿ ਸਮੇਂ ਸਮੇਂ ਸਿਰ ਪ੍ਰਕਾਸ਼ਤ ਕੀਤੇ ਜਾਣਗੇ।

ਅਕਤੂਬਰ, ੧੯੪੯

ਦਾਸ—
ਨਾਹਰ ਸਿੰਘ ਗਿਆਨੀ

## ਤੇਅਰਵੀਂ ਛਪਾਈ ਬਾਰੇ ਸੂਚਨਾ

ਏਹ ਟਰੈਕਟ ਦੀ ਤੇਅਰਵੀਂ ਵਾਰ ਛਪਾਈ ਦੀ ਸੇਵਾ ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ ਵਲੋਂ ਭਾਈ ਸਾਹਿਬ ਜੀ ਦੇ ਪੰਜਾਹਵੇਂ ਚਲਾਣਾ ਦਿਵਸ ਮਿਤੀ ੧੬ ਅਪ੍ਰੈਲ, ੨੦੧੧ ਨੂੰ ਸਮਰਪਤ ਕਰਦੇ ਹੋਏ ਕੀਤੀ ਜਾ ਰਹੀ ਹੈ। ਛਪਾਈ, ਜਿਲਦ ਅਤੇ ਕਾਗਜ਼ ਦਾ ਖਾਸ ਖਿਆਲ ਰਖਿਆ ਗਿਆ ਹੈ। ਆਸ ਕਰਦੇ ਹਾਂ ਸੰਗਤਾਂ ਵਧ ਤੋਂ ਵਧ ਪੜ੍ਹ ਕੇ ਲਾਭ ਉਠਾਉਣਗੀਆਂ।

ਮਨਜੀਤ ਸਿੰਘ
ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ
ਲੁਧਿਆਣਾ।



bsrstrust.org

ੴ ਸਤਿਗੁਰਪ੍ਰਸਾਦਿ॥

# ਇਕ ਉਮਰ ਕੈਦੀ ਦਾ ਸੁਪਨਾ

## ਇਕ ਸੁਆਦਲੀ ਤੇ ਸਿਖਿਆਦਾਇਕ ਕਹਾਣੀ

(੧)

ਗੁਰਪੁਰਬ ਦੀ ਰਾਤ ਨੂੰ ਮੈਂ ਕੋਠੜੀ ਬੰਦ ਹੋਣ ਕਰਕੇ ਸਵੱਖਤੇ ਹੀ ਰੋਜ਼ ਦੀ ਮਰਯਾਦਾ ਅਨੁਸਾਰ ਕੀਰਤਨ ਸੋਹਿਲੇ ਦਾ ਪਾਠ ਕਰਕੇ ਅਭਿਆਸ ਕਰਦਾ ਕਰਦਾ ਥੋੜੇ ਚਿਰ ਵਿਚ ਹੀ ਬਿਸਤਰੇ ਉਤੇ ਅੜਿੰਗ ਬੜਿੰਗ ਹੋ ਗਿਆ। ਬੇਸੁਧੀ ਜਿਹੀ ਹੋ ਕੇ ਨੀਂਦ ਪੈ ਗਈ ਅਤੇ ਦੋ ਬਜੇ ਤਕ ਬੇਸੁਧ ਘੂਕ ਸੁੱਤਾ ਰਿਹਾ। ਮੇਰੇ ਕੰਨੀਂ ਵਲੇਲ ਪਈ ਕਿ ਕੋਈ ਗੁਰਮੁਖ ਸੱਜਣ ਮੈਨੂੰ ਵਾਜਾਂ (ਆਵਾਜ਼ਾਂ) ਮਾਰਦਾ ਹੈ, ਜਦ ਚੰਗੀ ਤਰ੍ਹਾਂ ਕੰਨ ਲਾ ਕੇ ਧਿਆਨ ਨਾਲ ਸੁਣਿਆ ਤਾਂ ਉਹ ਗੁਰਮੁਖ ਇਹ ਕਹਿੰਦਾ ਸੁਣਾਈ ਦਿੰਦਾ ਸੀ, "ਉਠ ਵੀਰਾ, ਕਿਉਂ ਘੂਕ ਬੇਸੁਧ ਹੋ ਕੇ ਲੱਤਾਂ ਪਸਾਰੀ ਪਿਆ ਹੈਂ।" ਅੱਜ ਗੁਰਪੁਰਬ ਦੀ ਰਾਤ ਹੈ। ਕੁਲ, ਦਸ਼ਮੇਸ਼ ਪਿਤਾ ਜੀ ਦੇ ਸਾਜੇ ਨਿਵਾਜੇ ਪੰਥ ਦੇ ਸ਼ਰਧਾਲੂ ਸਿਦਕੀ ਸਿੰਘ (ਸਿਖ) ਪ੍ਰਵਾਰਾਂ ਸਮੇਤ ਬੱਚੇ ਬੱਚੀਆਂ ਇਸ਼ਨਾਨ ਕਰ ਚੁਕੇ ਹਨ ਅਰ ਕਰ ਰਹੇ ਹਨ, ਕਿਸੇ ਨੇ ਕੱਪੜੇ ਉਤਾਰੇ ਹੋਏ ਹਨ ਅਤੇ ਕਈ ਇਸ਼ਨਾਨ ਕਰ ਕੇ ਗੁਰਬਾਣੀ ਗਾਉਂਦੇ ਜਾ ਰਹੇ ਹਨ। ਕਈ ਆਸਨ ਜਮਾਈ ਨਾਮ ਅਭਿਆਸ ਦੇ ਰੰਗਾਂ ਵਿਚ ਮਸਤ ਹੋਏ ਬੈਠੇ ਹਨ, ਕਈ ਅਖੰਡ ਕੀਰਤਨ ਕਰ ਰਹੇ ਹਨ ਅਤੇ ਕਈ ਸੁਣ ਰਹੇ ਹਨ। ਗੱਲ ਕੀ ਇਹ ਸਭੇ ਹਾਲਤਾਂ ਅੱਖਾਂ ਨਾਲ ਦਿਸਦੀਆਂ ਭੀ ਸਨ। ਮੇਰੀ ਵੀ ਸਲਾਹ ਹੋਈ ਕਿ ਕੱਪੜੇ ਉਤਾਰ ਕੇ ਇਸ਼ਨਾਨ ਕਰਾਂ ਅਤੇ ਨਿਤਨੇਮ ਦੀ ਬਾਣੀ ਦਾ ਪਾਠ ਕਰਾਂ। ਅਜੇ ਪਹਿਲੇ ਹੀ ਕੱਪੜੇ ਨੂੰ ਹੱਥ



bsrstrust.org

ਪਾਇਆ ਸੀ ਕਿ ਅੱਖ ਖੁੱਲ੍ਹ ਗਈ। ਤ੍ਰਬਕ ਕੇ ਜੰਗਲੇ ਵਲ ਨਿਗਾਹ ਮਾਰੀ ਤਾਂ ਜੰਗਲੇ ਦੀਆਂ ਸੀਖਾਂ ਦਿਸੀਆਂ। ਹੋਸ਼ ਆ ਗਈ ਤਾਂ ਪਤਾ ਲਗਾ ਕਿ ਇਹ ਤਾਂ ਕੇਵਲ ਸੁਪਨਾ ਹੀ ਸੀ। ਮੈਂ ਰਾਤੀਂ ਘੰਟੀ ਦੇ ਮਗਰੋਂ ਜੇਲ੍ਹ ਵਿਚ ਹੀ ਸੁੱਤਾ ਸੀ। ਇਹ ਸਭ ਸੁਪਨਾ ਹੈ, ਹੋਰ ਕੁਝ ਨਹੀਂ। ਫੇਰ ਅੱਖਾਂ ਮੀਟੀਆਂ, ਕੁਝ ਆਲਸ ਜਿਹੀ ਪੈ ਗਈ, ਇਕ ਦੋ ਮਿੰਟ ਫਿਰ ਅੱਖ ਲਗ ਗਈ ਅਤੇ ਉਹੋ ਪੁਰਾਣੇ ਝਾਕੇ ਨਜ਼ਰੀਂ ਪਏ। ਗੁਰਮੁਖ ਸਿੰਘ ਜੀ ਵੀ ਫਿਰ ਦਿਸੇ, ਪਰ ਐਤਕੀ ਇਹ ਭਾਸੇ ਕਿ ਮੈਂ ਰਾਤੀਂ ਜੇਲ੍ਹ ਵਿਚ ਸੁਤਾ ਸੀ, ਸੁਤਾ ਵੀ ਬੰਦ ਕੋਠੜੀ ਵਿਚ ਅਤੇ ਸਤਾਂ ਜਿੰਦਰਿਆਂ ਦੇ ਅੰਦਰ। ਦਰਵਾਜ਼ੇ ਤੋਂ ਲੈ ਕੇ ਮੇਰੀ ਕੋਠੜੀ ਤਕ ਇਹ ਗੁਰਮੁਖ ਸੱਜਣ ਕਿਥੋਂ ਤੇ ਕਿਸ ਤਰ੍ਹਾਂ ਮੇਰੇ ਪਾਸ ਪੁਜੇ ? ਸਾਰੇ ਨਜ਼ਾਰੇ ਦਿਸਦੇ ਹੋਏ, ਤਾਂ ਇਹ ਭਾਸੇ ਕਿ ਮੈਂ ਜੇਲ੍ਹ ਵਿਚ ਨਹੀਂ ਕਿਸੇ ਪਵਿਤ੍ਰ ਗੁਰੂ ਅਸਥਾਨ ਉੱਤੇ ਹਾਂ। ਗੁਰਬਾਣੀ ਪੜ੍ਹਦੇ ਸੁਣਦੇ ਅਤੇ ਉਨ੍ਹਾਂ ਦੇ ਅੰਦਰ ਦਿਲੀ ਸੰਕਲਪ ਵਿਕਲਪ ਉਠਦੇ ਵੀ ਅਡ-ਅਡ ਸੁਣਾਈ ਦਿਖਾਈ ਦੇਣ। ਭਾਵੇਂ ਅੱਖਾਂ ਕੰਨ ਤਾਂ ਆਦਮੀ ਦੇ ਦੋ ਦੋ ਹੀ ਹੁੰਦੇ ਹਨ, ਪਰ ਉਸ ਵਕਤ ਇਉਂ ਪ੍ਰਤੀਤ ਹੋਵੇ ਕਿ ਰੋਮ ਰੋਮ ਨੂੰ ਵਖੋ ਵਖ ਜੀਭ ਕੰਨ ਅੱਖਾਂ ਆਦਿ ਹੀ ਨਹੀਂ, ਸਗਵਾਂ ਸੁਰਤੀ ਬੁਧੀ ਆਦਿਕ ਭੀ ਅਡੋ ਅਡ ਸੰਗ ਸਾਥ ਹੀ ਲਗੇ ਹੋਏ ਹਨ ਅਤੇ ਹਰ ਇਕ ਵਖੋ ਵਖ ਦੇਖ ਸੁਣ ਤੇ ਸਮਝ ਬੋਲ ਸਕਦਾ ਹੈ। ਨਹੀਂ, ਨਹੀਂ, ਕੇਵਲ ਇਤਨਾ ਹੀ ਨਹੀਂ ਸਗੋਂ ਰੋਮਾਂ ਦੇ ਸਰੀਰਕ ਅੰਗ ਆਪੋ ਆਪਣੀ ਥਾਈਂ ਕਾਇਮ ਦਿਸਦੇ ਹਨ। ਦੂਜੇ ਪਾਸੇ ਕੋਠੜੀ ਵਿਚ ਥੜ੍ਹੀ, ਚੱਕੀ ਅਤੇ ਅਗੇ ਪਿਛੇ ਨੀਚੇ ਊਚੇ ਦੀਆਂ ਛੱਤਾਂ ਜੰਗਲੇ ਕੇਵਲ ਮੇਰੀ ਕੋਠੜੀ ਦੇ ਹੀ ਨਹੀਂ, ਸਭ ਜੇਲ੍ਹ ਦੇ ਹੀ ਵਿਖਾਈ ਦਿੰਦੇ ਹਨ। ਕੰਨਾਂ ਵਿਚ ਵਖੋ ਵਖ ਪਹਿਰੇਦਾਰਾਂ ਦੀਆਂ "ਸਭ ਅੱਛਾ" ਦੀਆਂ ਆਵਾਜ਼ਾਂ ਦੀਆਂ ਗੂੰਜਾਂ ਪੈ ਰਹੀਆਂ ਹਨ, ਜਦ ਇਸ ਸੋਚ ਵਿਚ ਪਵਾਂ ਤਾਂ ਇਹ ਪਤਾ ਨਾ ਲੱਗੇ ਕਿ ਮੈਂ ਕਿਥੇ ਖੜ੍ਹਾਂ ਹਾਂ, ਕਿਉਂਕਿ ਅਜਿਹੀ ਥਾਂ ਕੋਈ ਨਾ ਸੁਝੇ ਜਿਥੋਂ ਇਕ ਪਾਸੇ ਮੂੰਹ ਕਰ ਕੇ, ਕੋਈ ਪੁਰਸ਼ ਕਿਸੇ ਪਾਸੇ ਖੜੋ ਕੇ ਸਭ ਵਸਤੂਆਂ ਅਤੇ ਅਸਥਾਨਾਂ ਨੂੰ ਵੇਖ ਸਕੇ। ਇਹ ਸਭ ਕੰਧਾਂ ਵਿਚ ਦੀ ਹੀ ਦਿਸਦਾ ਸੀ, ਪਤਾ ਨਹੀਂ ਕੰਧਾਂ ਕਿਸ ਮਾਦੇ ਦੀਆਂ (ਕਿਸ ਸੂਖਮ ਵਸਤ ਦੀਆਂ) ਬਣੀਆਂ ਹੋਈਆਂ ਸਨ। ਜਦ ਉਤਾਂਹ ਨੂੰ ਨਿਗਾਹ ਕੀਤੀ ਤਾਂ ਤਾਰਾ-ਮੰਡਲ ਨਜ਼ਰ ਪਿਆ। ਜਿਸ ਤਰ੍ਹਾਂ ਸਾਧਾਰਨ ਦਿਸਦਾ ਹੈ, ਉਸ ਤਰ੍ਹਾਂ ਨਹੀਂ, ਸਗੋਂ ਕਰੋੜਾਂ ਹੀ ਸੂਰਜ,



bsrstrust.org

ਚੰਦ, ਜ਼ਮੀਨਾਂ, ਵਸਨੀਕ, ਉਜਾੜ ਚੰਗੀ ਤਰ੍ਹਾਂ ਦਿਸਣ ਲੱਗੇ। ਨਾਲ ਹੀ ਕੋਠੜੀ ਵਿਚ ਹੋਣ ਦਾ ਸੰਕਲਪ ਫੁਰਿਆ, ਭੈ ਲੱਗਾ ਕਿ ਇਸ ਕੋਠੜੀ ਦੀ ਛੱਤ ਕਿਧਰ ਗਈ, ਕਿਉਂਕਿ ਉਸ ਦੇ ਬਾਲੇ ਕੜੀਆਂ ਨਹੀਂ ਦਿਸਦੀਆਂ ਸਨ। ਦਿਲ ਵਿਚ ਫੁਰਨਾ ਫੁਰਿਆ ਮਤੇ ਛੱਤ ਉੱਤੇ ਨਾ ਡਿਗ ਪਏ ਜਾਂ ਡਿਗ ਪਈ ਹੋਵੇ। ਕਿਤੇ ਮੈਂ ਉਸ ਦੇ ਥੱਲੇ ਤਾਂ ਨਹੀਂ ਦਬਿਆ ਗਿਆ। ਇਸ ਭੈ ਦੇ ਕਾਰਨ ਅੱਖਾਂ ਖੁਲ੍ਹ ਗਈਆਂ। ਕੀ ਦੇਖਦਾਂ ਹਾਂ ਕਿ ਮੈਂ ਥੜ੍ਹੀ ਉੱਤੇ ਪਿਆ ਹਾਂ, ਛੱਤ ਵੀ ਓਹੀ ਕਾਇਮ ਜਿਉਂ ਦੀ ਤਿਉਂ ਵਿਖਾਈ ਦਿੰਦੀ ਹੈ, ਜਗਾਉਣ ਵਾਲੇ ਗੁਰਮੁਖ ਸੱਜਣ ਦੀ ਸੋਹਣੀ ਸੂਰਤ ਮੇਰੀਆਂ ਅੱਖਾਂ ਅਗੇ ਫਿਰਦੀ ਨਜ਼ਰ ਪਵੇ ਅਤੇ ਉਨ੍ਹਾਂ ਦਾ ਸੰਦੇਸਾ ਦਿਲ ਵਿਚ ਕੰਡੇ ਵਾਂਗੂ ਚੁਭੇ, "ਉਠ ਗੁਰਪੁਰਬ ਦੀ ਰਾਤ ਹੈ, ਕਿਉਂ ਬੇਸੁਧ ਘੂਕ ਸੁਤਾ ਪਿਆ ਹੈਂ" ਮੈਂ ਸੁਪਨਿਆਂ ਨੂੰ ਭੁਲਾਵਾਂ, ਪਰ ਉਹ ਭੁਲਣ ਨਾ। ਐਤਕੀ ਮੈਂ ਬੜਾ ਯਤਨ ਕੀਤਾ ਕਿ ਕਿਵੇਂ ਫੇਰ ਅੱਖ ਲੱਗੇ ਅਤੇ ਇਹ ਹਾਲਤ ਉਸ ਉਪਕਾਰੀ ਗੁਰਮੁਖ ਸਜਣ ਨੂੰ ਦਸ ਕੇ ਕੁਝ ਲਾਭ ਉਠਾਵਾਂ। ਨਾ ਤਾਂ ਅੱਖ ਹੀ ਲਗੀ, ਨਾ ਮੈਂ ਘੰਟਾ ਅੱਧਾ ਘੰਟਾ ਇਨ੍ਹਾਂ ਸੋਚਾਂ ਵਿਚਾਰਾਂ ਵਿਚੋਂ ਨਿਕਲਿਆ। ਮੇਰੇ ਭਾ ਦਾ ਅਜੇ ਸਵੱਖਤਾ ਹੀ ਸੀ, ਇਸ ਤੋਂ ਦੋ ਚਾਰ ਮਿੰਟ ਪਹਿਲਾਂ ਤਿੰਨ ਵਜਦੇ ਸੁਣੇ ਸੀ ਤੇ ਨਵੀਂ ਗਾਰਦ ਬਦਲਦੀ ਵੀ ਡਿਠੀ ਸੀ। ਅੰਤ ਦਿਲ ਵਿਚ ਇਹ ਸੋਚਿਆ ਕਿ ਹੁਣ ਨੀਂਦ ਤਾਂ ਪੈਣੀ ਹੀ ਨਹੀਂ। ਚਲੋ ਜੋ ਗੁਰਮੁਖ ਸੱਜਣ ਕਹਿ ਤੇ ਵਿਖਾ ਗਏ ਹਨ, ਕਰੀਏ (ਭਾਵ ਉਠੀਏ ਅਤੇ ਗੁਰਬਾਣੀ ਦਾ ਪਾਠ ਕਰੀਏ)। ਨਾਲ ਇਹ ਵੀ ਫੁਰਨਾ ਫੁਰੇ ਕਿ ਹੋਰ ਥੋੜੀ ਵਾਹ ਲਾਵਾਂ ਕਿ ਸ਼ਾਇਦ ਫਿਰ ਉਸੇ ਪਰਉਪਕਾਰੀ ਗੁਰਮੁਖ ਸੰਤ ਦੇ ਦਰਸ਼ਨ ਕਰਾਂ, ਪਰ ਮੇਰੇ ਭਾਗਾਂ ਵਿਚ ਅਜਿਹੇ ਪਰਉਪਕਾਰੀ ਗੁਰਮੁਖ ਜਨ ਦੇ ਦਰਸ਼ਨ ਸੁਪਨੇ ਵਿਚ ਵੀ ਕਿਥੋਂ ? ਇਹ ਤਾਂ ਉਨ੍ਹਾਂ ਦੀ ਖ਼ੁਸ਼ੀ ਹੀ ਸੀ ਅਤੇ ਸਤਿਗੁਰਾਂ ਦੇ ਹੁਕਮ ਤੋਂ ਬਿਨਾਂ ਕਿਸੇ ਤਰ੍ਹਾਂ ਪ੍ਰਾਪਤ ਨਹੀਂ ਹੋ ਸਕਦੇ ਹਨ। ਮੇਰੇ ਦਿਲ ਵਿਚ ਇਕ ਤ੍ਰੰਗ ਉਠੇ ਤੇ ਇਕ ਬੈਠੇ। ਏਹਨਾ ਵਹਿਣਾਂ ਵਿਚ ਵਹਿੰਦੇ ਨੂੰ ਕਈ ਮਿੰਟ ਲੰਘ ਗਏ ਅਤੇ ਇਹ ਮਹਾਂਵਾਕ ਯਾਦ ਆ ਗਿਆ—

ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨਾ ਹੋਇ॥੨੧੯॥

ਇਸ ਦੇ ਨਾਲ ਹੀ ਪੰਜਾਬੀ ਕਵੀ ਦੀ ਬੈਂਤ ਯਾਦ ਆਈ—



bsrstrust.org

'ਜੇ ਮੰਗੀ ਮੌਤ ਮਿਲੇ ਦਰਗਾਹੋਂ ਤਾਂ ਦੁਖੀਆ ਕਾਹਨੂੰ ਜੀਵੇ।'

ਅਜਿਹਿਆਂ ਫੁਰਨਿਆਂ ਦਾ ਫੁਰਨਾ ਹੀ ਸੀ ਕਿ ਦਿਲ ਨੂੰ ਕੁਝ ਢਾਰਸ ਬੱਝੀ ਅਤੇ ਸਬਰ ਆਇਆ ਕਿ ਜੋ ਕੁਝ ਹੋਇਆ ਸੋ ਠੀਕ ਹੈ, ਜੋ ਕੁਝ ਅੱਗੇ ਹੋਵੇਗਾ, ਵੇਖਿਆ ਜਾਵੇਗਾ। ਇਸ਼ਨਾਨ ਕਰਨ ਨੂੰ ਦਿਲ ਤਾਂ ਕਰੇ ਪਰ ਅੰਦਰ ਬੰਦ ਸੀ, ਅੰਦਰ ਪਾਣੀ ਦੀ ਇਕ ਛੋਟੀ ਜਿਹੀ ਘੜੀ ਕੇਵਲ ਪਾਣੀ ਵਾਸਤੇ ਮਸਾਂ ਹੀ ਵੇਲਾ ਟਪਾਉਣ ਜੋਗੀ ਮਿਲੀ ਹੋਈ ਸੀ। ਉਹ ਤਾਂ ਪਹਿਲਾਂ ਹੀ ਅਧੀ ਕੁ ਪੀ ਕੇ ਬਿਰਾਜਿਆ ਸੀ। ਪੰਜ-ਇਸ਼ਨਾਨਾ ਕਰਨ ਜੋਗਾ ਪਾਣੀ ਵੀ ਨਹੀਂ ਸੀ, ਕੇਵਲ ਮੂੰਹ ਹੱਥ ਧੋਤਾ ਅਤੇ ਛੋਟਾ ਦਸਤਾਰਾ ਸਜਾ ਕੇ ਕੰਬਲ ਦੀ ਬੁਕਲ ਮਾਰ ਬੈਠਾ। ਹੌਲੀ ਹੌਲੀ (ਜੋ ਦਰਵਾਜ਼ੇ ਤੋਂ ਬਾਹਰ ਨਾ ਸੁਣਿਆ ਜਾ ਸਕੇ) ਮੂੰਹ ਵਿਚ ਪਾਠ ਕਰਨ ਲ਼ਗਾ। ਉਚੀ ਇਸ ਵਾਸਤੇ ਨਾ ਕਰ ਸਕਿਆ ਕਿ ਮਤਾਂ ਕੋਈ ਅਜਿਹਾ ਪਹਿਰੂਆ ਨਾ ਲਗਾ ਹੋਵੇ ਜੋ ਐਵੇਂ ਹੀ ਗਲ ਪੈ ਜਾਏ ਜਾਂ ਸਵੇਰੇ ਰਪੋਟਾਂ ਕਰਦਾ ਫਿਰੇ। ਦਿਲ ਨੂੰ ਸ਼ਾਂਤ ਕਰਨ ਵਾਸਤੇ ਯਤਨ ਕਰਦਾ ਕਰਦਾ ਕਿਤੇ ਅਸ਼ਾਂਤ ਨਾ ਕਰ ਬੈਠਾਂ। ਸਰੀਰ ਨਿਰਬਲ ਸੀ, ਨਿਤਨੇਮ ਦਾ ਪਾਠ ਕਾਹਲੀ ਕਾਹਲੀ ਕੀਤਾ, ਥਕ ਗਿਆ। ਦਿਲ ਵਿਚ ਉਦਮ ਨਾ ਰਿਹਾ। ਆਪਣੇ ਮਨ ਨਾਲ ਹੀ ਦਲੀਲਾਂ ਕਰਨ ਲਗਾ ਕਿ ਚਲੋ ਨਿਤਨੇਮ ਦਾ ਪਾਠ ਤਾਂ ਹੋ ਹੀ ਗਿਆ, ਅਰਦਾਸਾ ਸੋਧ ਕੇ ਅਰਾਮ ਕਰੋ। ਉਠ ਕੇ ਅਰਦਾਸਾ ਸੋਧਿਆ। ਅਜੇ ਫੇਰ ਬਿਸਤਰੇ ਉਤੇ ਬੈਠਾ ਹੀ ਸੀ ਕਿ (ਦਿਲ) ਬਿਰਤੀ ਖਿਲਰ ਚਲੀ ਅਤੇ ਮਨ ਹੁਜਤਾਂ ਡਾਹੁਣ ਲਗਾ ਕਿ ਪਾਠ ਕਰਦੇ ਕਰਦੇ ਬੁਢੇ ਹੋ ਗਏ ਪਰ ਸਤਿਗੁਰਾਂ ਨੇ ਇਕ ਵੀ ਦੁਖੜਾ ਨਾ ਕਟਿਆ (ਅਰਥਾਤ ਜੇਲ੍ਹ ਵਿਚੋਂ ਨਾ ਕਢਿਆ) ਚਲ ਛਡ ਏਨਾ ਹੀ ਕਾਫ਼ੀ ਹੈ; ਕੀ ਸਾਰਾ ਦਿਨ ਤੋਤੇ ਵਾਂਗੂੰ ਟੀਂ ਟੀਂ ਕਰਨਾ ਹੈਂ। ਨਾਲ ਹੀ ਇਹ ਵਿਚਾਰ ਆਈ ਕਿ ਮਾਲੀ ਇਕ ਬੂਟੇ ਨੂੰ ਬੀਜਦਾ ਪਾਲਦਾ ਹੈ, ਪਹਿਲਾਂ ਬੂਟਾ ਉਗਦਾ ਵਧਦਾ ਫੁਲਦਾ ਫਲਦਾ ਹੈ, ਬਾਗ਼ ਦੇ ਸਾਰੇ ਬੂਟੇ ਫੁਲਦੇ ਫਲਦੇ ਨਹੀਂ। ਕਈ ਵਾਰ ਤਾਂ ਸਾਰੇ ਦੇ ਸਾਰੇ ਹੀ ਅਫੱਲ ਜਾਂਦੇ ਹਨ, ਨਹੀਂ ਤਾਂ ਇਹ ਤਾਂ ਜ਼ਰੂਰ ਹੀ ਹੁੰਦਾ ਹੈ ਕਿ ਜਿਤਨੇ ਫੁਲ ਲਗਦੇ ਹਨ, ਉਤਨੇ ਫਲਦੇ ਨਹੀਂ। ਜੇ ਫਲ ਭੀ ਪੈਣ ਤਾਂ ਪੱਕ ਕੇ ਜ਼ਰੂਰ ਕੁਝ ਕਾਣੇ ਭੀ ਨਿਕਲਦੇ ਹਨ, ਕਿਸੇ ਨੂੰ ਜਨੌਰ (ਪੰਛੀ) ਹੀ ਠੂੰਗਾਂ ਮਾਰ-ਮਾਰ ਖ਼ਰਾਬ ਕਰ ਦੇਂਦੇ ਹਨ। ਪਾਣੀ ਦੇਣ ਵਾਲਾ ਜੇ ਚਾਹੇ ਕਿ ਫਲ ਇਕ ਵੀ ਨਾ ਹੋਵੇ ਅਤੇ ਨਾ ਹੀ



bsrstrust.org

ਡਿਗੇ ਟੁਟੇ, ਤਾਂ ਦਸੋ ਕਿ ਕੀ ਉਸਦਾ ਚਿਤਵਿਆ ਕਦੇ ਹੋ ਸਕਦਾ ਹੈ ? ਭਲਾ ਜੇ ਹੋ ਭੀ ਜਾਏ ਤਾਂ ਅਜਿਹੇ ਬੂਟੇ ਨਾਲ ਲਗੇ ਫਲਾਂ ਦਾ ਕੀ ਫ਼ਾਇਦਾ। ਉਹ ਮਿਹਨਤ ਇਸ ਵਾਸਤੇ ਕਰਦਾ ਹੈ ਕਿ ਇਹ ਪੱਕ ਕੇ ਮੈਨੂੰ ਮਾਇਆ ਦੇ ਗਫ਼ੇ ਦੇਣ, ਅਥਵਾ ਪੱਕਣ ਅਰ ਤੋੜ ਕੇ ਵੇਚਾਂ। ਜੇ ਇਹ ਲਾਲਚ ਨਾ ਹੁੰਦਾ ਤਾਂ ਭਲਾ ਉਸਨੂੰ ਕੀ ਪਿਆ ਸੀ ਕਿ ਉਹ ਐਵੇਂ ਏਨੀ ਦਿਲ-ਤੋੜਵੀਂ ਮੁਸ਼ੱਕਤ ਕਰਦਾ, ਯਾ ਇਕ ਵਾਰ ਫਲ ਖ਼ਰਾਬ ਲਗਾ ਦੇਖ ਕੇ ਹੀ ਛੱਡ ਦਿੰਦਾ। ਬ੍ਰਿਛਾਂ ਨੂੰ ਵੇਖ ਵੇਖ ਅਗੇ ਵਾਸਤੇ ਆਸ਼ਾ ਰਖਦਾ ਹੋਇਆ ਇਹ ਕਹਿ ਕੇ ਕਿ ਐਤਕੀਂ ਤਾਂ ਕਿਸੇ ਕਾਰਨ ਫਲ ਮਾਰੇ ਗਏ, ਚਲੋ ਦੂਜੇ ਸਾਲ ਹੀ ਪੱਕ ਪੈਣਗੇ, ਲਗਾ ਰਹਿੰਦਾ ਹੈ। ਅਜਿਹੀਆਂ ਗਿਣਤੀਆਂ ਮਿਣਤੀਆਂ ਕਰਦੇ ਦਿਲ ਵਿਚ ਫੇਰ ਢਾਰਸ ਪਈ ਤੇ ਨਾਲ ਹੀ ਗੁਰਮੁਖ ਸਜਣ ਦਾ ਸੰਦੇਸ਼ਾ ਯਾਦ ਆਇਆ, ਉਠ ਕੇ ਬੈਠ ਗਿਆ ਅਤੇ ਗੁਰਮੰਤਰ ਦਾ ਜਾਪ ਕਰਨ ਲਗਾ। ਸਰੀਰ ਕਮਜ਼ੋਰ ਨਿਰਬਲ ਹੋਣ ਦੇ ਕਾਰਨ ਦਸ ਬੀਸ ਮਿੰਟ ਬੈਠਾ ਥਕ ਗਿਆ। ਦਿਲ ਵਿਚ ਆਇਆ ਕਿ ਗੁਰਪੁਰਬ ਦਾ ਦਿਨ ਹੈ, ਸਾਵਧਾਨਤਾ ਨਾਲ ਹਠ ਧਾਰ ਕੇ ਬੈਠਣਾ ਚਾਹੀਦਾ ਹੈ, ਪਰ ਕੀ ਕਰ ਸਕਦਾ ਸੀ। ਤੁਰਨਾ ਫਿਰਨਾ ਤਾਂ ਰਾਤ ਨੂੰ ਮਿਲਦਾ ਹੀ ਨਹੀਂ ਸੀ, ਚਲਣ ਫਿਰਨ ਦੀ ਥਾਂ ਕਿਹੜੀ ਸੀ, ਸਿਰਫ਼ ਚਾਰ ਪੰਜ ਫ਼ੁਟ ਥਾਂ ਜੰਗਲੇ ਤਕ ਸੀ। ਦਿਲ ਵਿਚ ਇਹ ਵੀ ਖਟਕਾ ਸੀ ਕਿ ਕਿਤੇ ਪਹਿਰੇ ਵਾਲਾ ਨਾ ਦੇਖ ਲਵੇ ਅਰ ਸਵੇਰੇ ਰਪੋਟ ਕਰ ਦੇਵੇ। ਭਾਵੇਂ ਪੁਰਾਣਾ ਕੈਦੀ ਸਮਝ ਕੇ ਅਫ਼ਸਰ ਛਡ ਦੇਣ, ਫੇਰ ਵੀ ਤੌਖਲਾ ਸੀ ਕਿ ਕਿਤੇ ਬਾਣੀ ਪੜ੍ਹੀ ਦਾ ਅਸਰ, ਜੋ ਸ਼ਾਂਤੀ ਅਰ ਵੈਰਾਗ ਉਤਪੰਨ ਕਰਦਾ ਹੈ, ਤਾਮਸੀ ਵਿਚ ਨਾ ਬਦਲ ਜਾਏ ਤੇ ਅੱਜ ਦੇ ਦਿਨ ਵੀ ਇਕ ਮਿੰਟ ਸੁਖ ਦਾ ਰਸ ਨਾ ਲਭੇ। ਪਰ ਸਤਿਗੁਰੂ ਕਲਗੀਧਰ ਜੀ ਦੇ ਦਰਬਾਰ ਵਿਚੋਂ ਕਦੇ ਕੋਈ ਨਿਰਾਸਾ ਖ਼ਾਲੀ ਹਥੀਂ ਨਹੀਂ ਆਉਂਦਾ ਇਹ ਗਲ ਪੜ੍ਹੀ, ਸੁਣੀ ਹੋਈ ਸੀ, ਸਗਵਾਂ ਇਹ ਤਾਂ ਗੁਰਬਾਣੀ ਚੰਗੀ ਤਰ੍ਹਾਂ ਦਸਦੀ ਹੈ ਕਿ ਗੁਰੂ ਦਾ ਦਰ ਹਰ ਪ੍ਰਾਣੀ ਵਾਸਤੇ ਖੁਲ੍ਹਾ ਹੈ। ਭਾਵੇਂ ਮੈਂ ਆਪਣੇ ਆਪ ਨੂੰ ਜਾਣਦਾ ਸੀ ਕਿ ਕੈਦੀ ਹਾਂ, ਰਹਿਤ ਨਹੀਂ ਰਖਦਾ ਅਰ ਇਸ ਵਕਤ ਵੀ ਚਿਰਾਂ ਤੋਂ ਨਰਕ ਨਿਵਾਸੀ ਹਾਂ (ਜੇਲ੍ਹ ਵਿਚ ਹਾਂ), ਫੇਰ ਵੀ ਇਥੇ ਸੰਗਤ ਅਰ ਕਈ ਗੁਰਮੁਖ ਸੱਜਣਾਂ ਦੇ ਸੰਗ ਸਾਥ ਹੋਣ ਕਰਕੇ ਇਸ ਨਰਕ ਦੇ ਦੁਖਾਂ ਨੂੰ ਔਖਾ ਸੌਖਾ ਹੋ ਕੇ ਸਹਿ ਚਲਿਆ। ਜਮਦੂਤਾਂ ਦਾ ਦੁਨਿਆਵੀ ਦੋਜ਼ਖ ਵਿਚ ਕੋਈ



bsrstrust.org

ਜ਼ੋਰ ਨਹੀ. ਚਲਿਆ। ਆਮ ਕੈਦੀਆਂ ਉਤੇ ਉਹ ਸਭ ਕੁਝ (ਮਾਰ ਪਿਟ ਅਤੇ ਗਾਲ੍ਹੀ ਗਲੋਚ) ਕਰ ਗੁਜ਼ਰਦੇ ਹਨ, ਪਰ ਮੇਰੇ ਅਤੇ ਮੇਰੇ ਸਾਥੀਆਂ ਉਤੇ ਕੁਝ ਕਰਨਾ ਤਾਂ ਕੀ ਸੀ, ਸਗੋਂ ਕੋੜੀ ਨਿਗਾਹ ਭੀ ਨਹੀਂ ਝਾਕ ਸਕਦੇ ਸਨ। ਦਿਲ ਨੇ ਢਾਰਸ ਬੰਨ੍ਹੀ। ਵੈਰਾਗ ਨਾਲ ਇਕ ਦੋ ਸ਼ਬਦ ਦਿਲ ਵਿਚ ਹੀ ਪੜ੍ਹੇ। ਚੰਚਲ ਮਨ ਕੁਝ ਮਿੰਟਾਂ ਵਾਸਤੇ ਨੱਠਣ ਦੌੜਣ ਤੋਂ ਰਹਿ ਗਿਆ। ਇੰਜ ਭਾਸੇ ਕਿ ਇਸ ਦੀਆਂ ਸਾਰੀਆਂ ਤਾਕਤਾਂ (ਸ਼ਕਤੀਆਂ) ਖੰਭ ਲਤਾਂ ਬਾਹਾਂ ਟੁਟ ਗਈਆਂ ਹਨ, ਹੁਣ ਬਿਲਕੁਲ ਮੁਰਦਾ ਹੋ ਗਿਆ ਹੈ। ਥਕਾਵਟ ਅਰ ਕਮਜ਼ੋਰੀ ਦਾ ਦੁਖ ਤਾਂ ਦੂਰ ਹੋਇਆ, ਭਾਵੇਂ ਇਨ੍ਹਾਂ ਦੋ ਚਹੁੰ ਮਿੰਟਾਂ ਵਿਚ ਮੈਂ ਕੋਈ ਤਕੜਾ ਤਾਂ ਨਾ ਸੀ ਹੋ ਗਿਆ, ਗੱਲ ਇਹ ਸੀ ਕਿ ਮਨ ਤੋਂ ਬਿਨਾਂ ਸਰੀਰ ਦੇ ਦੁਖ ਸੁਖ ਨੂੰ ਕੌਣ ਪ੍ਰਤੀਤ ਕਰਦਾ ਹੈ। ਫੁਰਨੇ ਬੰਦ ਹੋਣ ਦੀ ਦੇਰ ਹੀ ਸੀ ਕਿ ਮੈਨੂੰ ਚੰਗਾ ਰਸ ਆਇਆ, ਜਿਸ ਦੀ ਉਪਮਾ ਲਿਖਣ ਤੋਂ ਮੈਂ ਅਸਮਰਥ ਹਾਂ ਜਾਂ ਇਉਂ ਸਮਝੋ ਕਿ ਮੇਰੇ ਵਿਚ ਇਤਨੀ ਬੁਧੀ ਨਹੀਂ ਕਿ ਮੈਂ ਉਸ ਹਾਲਤ ਨੂੰ ਲਿਖਤ ਵਿਚ ਖੋਲ੍ਹ ਕੇ ਚੰਗੀ ਤਰ੍ਹਾਂ ਕਿਸੇ ਨੂੰ ਸਮਝਾ ਸਕਾਂ। ਸਿੱਧੇ ਸਾਦੇ ਅੱਖਰਾਂ ਵਿਚ ਇਉਂ ਸਮਝੋ ਕਿ ਜਿਸ ਗੱਲ ਨੂੰ ਸਾਡੇ ਵਡੇ ਵਡੇ ਪੰਡਤ ਗਿਆਨੀ ਅਕਸਰ ਮਖ਼ੌਲ ਅਰ ਟਿਚਕਰਾਂ ਕਰਦੇ ਹਨ ਅਥਵਾ ਅਰਥਾਂ ਨੂੰ ਉਕਤੀਆਂ ਯੁਕਤੀਆਂ ਦਵਾਰਾ ਆਪੋ ਆਪਣੀ ਬੁਧੀ ਅਨੁਸਾਰ ਮੰਨਦੇ ਯਾ ਨਹੀਂ ਮੰਨਦੇ, ਮੈਂ ਉਸ ਵਕਤ ਮੰਨ ਤੇ ਲੱਖ ਲਿਆ ਹੈ ਕਿ ਅੰਮ੍ਰਿਤ-ਰਸ ਕੀ ਸ਼ੈ ਹੈ ? ਕਿਤਨਾ ਮਿੱਠਾ ਠੰਢਾ ਅਰ ਮਹਿਕਦਾਰ ਹੈ ? ਕਈ ਗੁਰਮੁਖ ਲਿਖਾਰੀਆਂ ਦੀਆਂ ਉਕਤੀਆਂ ਯੁਕਤੀਆਂ ਫ਼ਿਲਾਸਫ਼ੀਆਂ ਖ਼ੁਸ਼ਕ ਤੇ ਝੂਠੀਆਂ ਹੀ ਦਿਸਣ।



bsrstrust.org

(੨)

# ਨਵੀਂ ਦੁਨੀਆ

ਥੋੜ੍ਹੇ ਹੀ ਮਿੰਟਾਂ ਵਿਚ ਪਤਾ ਨਹੀਂ ਕਿਥੇ ਅਰ ਕਿਸ ਤਰ੍ਹਾਂ ਪੁਜਾ। ਕੀ ਦੇਖਦਾ ਹਾਂ ਕਿ ਨਵੀਂ ਦੁਨੀਆ (ਅਮਰੀਕਾ) ਦੇ ਨਮੂਨੇ ਦੀ ਹੈ। ਉਸ ਦੀ ਇਕ ਸੋਹਣੀ ਸੜਕ ਉਤੇ ਅਨੰਦ ਨਾਲ ਹੌਲੀ ਹੌਲੀ ਮਟਕ ਨਾਲ ਟਹਿਲਦਾ ਫਿਰਦਾ ਹਾਂ। ਕੋਈ ਆਦਮੀ ਦੇਸੀ ਯਾ ਪ੍ਰਦੇਸੀ ਗਲਬਾਤ ਕਰਨ ਵਾਲਾ ਨਹੀਂ ਦਿਸਦਾ, ਪਰ ਸੜਕ ਦੇ ਦੋਹੀਂ ਪਾਸੀਂ ਵਡਮੁੱਲੇ ਸੋਹਣੇ ਸ਼ੀਸ਼ੇ ਜੜ੍ਹਤ ਲਕੜੀ ਦੇ ਰੰਗ-ਬਰੰਗੇ, ਬਾਹਰੋਂ ਸਾਫ਼-ਸੁਥਰੇ, ਵਖੋ ਵਖ ਨਮੂਨਿਆਂ ਦੇ ਘਰ ਹਨ, ਅਤੇ ਵੇਖਣ ਤੋਂ ਪ੍ਰਤੀਤ ਹੁੰਦਾ ਹੈ ਕਿ ਮਾਲਕਾਂ ਨੇ ਇਨ੍ਹਾਂ ਘਰਾਂ ਨੂੰ ਵਡੇ ਪ੍ਰੇਮ ਤੇ ਸ਼ੌਂਕ ਨਾਲ ਸਾਫ਼ ਸੁਥਰੇ ਰਖਾਇਆ ਹੋਇਆ ਹੈ। ਮੇਰੇ ਦਿਲ ਵਿਚ ਵਿਚਾਰ ਆਈ ਕਿ ਚਲੋ ਪੌੜੀਆਂ ਚੜ੍ਹ ਕੇ ਕਿਸੇ ਮਕਾਨ ਦੀ ਘੰਟੀ ਖੜਕਾਈਏ ਤੇ ਇਥੋਂ ਦੇ ਵਸਨੀਕ ਨਾਲ਼ ਗੱਲ ਬਾਤ ਕਰੀਏ। ਇਕ ਨੇੜੇ ਦੇ ਘਰ ਵਲ ਤੁਰ ਪਿਆ, ਘੰਟੀ ਨੂੰ ਹੱਥ ਲਾਉਣ ਹੀ ਲੱਗਾ ਸੀ ਕਿ—

ਰਿੱਛ ਨਾਲ ਟਾਕਰਾ—

ਉਸ ਬੰਦ ਦਰਵਾਜ਼ੇ ਵਿਚ ਦੀ ਇਕ ਮੋਟਾ ਤਾਜ਼ਾ ਰਿੱਛ ਨਿਕਲਿਆ ਅਤੇ ਉਸ ਨੇ ਮੈਨੂੰ ਘੁਟ ਕੇ ਜੱਫੀ ਪਾ ਲਈ। ਅਤੇ ਘੁਟ ਘੁਟ ਕੇ ਬੜਾ ਤੰਗ ਕੀਤਾ। ਮੈਂ ਵੀ ਮੌਤ ਦੇ ਮੂੰਹ ਆਇਆ ਵੇਖਕੇ ਉਸਤੋਂ ਛੁਟਣ ਵਾਸਤੇ ਆਪਣਾ ਸਾਰਾ ਜ਼ੋਰ ਲਾਉਣ ਲਗਾ ਕਿ ਇਸ ਬਲਾ ਰਿਛ ਤੋਂ ਛੁਟਾਂ। ਮੈਂ ਡਾਢੀ ਬਲਾ ਦੇ ਜਾਲ ਵਿਚ ਫਸ ਗਿਆ। ਮੈਂ ਚਾਹਾਂ ਕਿ ਕਿਵੇਂ ਇਸ ਤੋਂ ਪੱਲਾ ਛੁਡਾਵਾਂ, ਪਰ ਰਿਛ ਨਾ ਛੱਡੇ। ਮੈਂ ਬਾਹਰ ਵਲ ਖਿਚਾਂ, ਉਹ ਘਰ ਦੇ ਅੰਦਰ ਵਲ। ਭਾਵੇਂ ਮੈਨੂੰ ਉਹ ਅੰਦਰ ਤਾਂ ਨਾ ਲਿਜਾ ਸਕਿਆ, ਪਰ ਉਸ ਨੇ ਮੈਨੂੰ ਛਡਿਆ ਵੀ ਨਹੀਂ।

ਅਸੀਂ ਦੋਵੇਂ ਲੜਦੇ ਘੁਲਦੇ, ਇਕ ਦੂਜੇ ਨੂੰ ਧਕਦੇ ਧਕਾਉਂਦੇ ਮਕਾਨ ਦੀਆਂ ਪੌੜੀਆਂ ਤੋਂ ਡਿਗ ਕੇ ਸੜਕ ਉਤੇ ਆ ਗਏ। ਉਸੇ ਤਰ੍ਹਾਂ ਜਫੋ ਜਫੀ ਸੜਕੇ



bsrstrust.org

ਸੜਕ ਥੋੜੀ ਦੂਰ ਗਏ ਹੋਵਾਂਗੇ ਕਿ ਅਗੇ ਇਕ ਭੀੜੀ ਜਹੀ ਗਲੀ ਆ ਗਈ, ਜਿਸ ਦੇ ਦੋਹੀਂ ਪਾਸੀਂ ਕੰਧਾਂ ਸਨ, ਉਂਜ ਤਾਂ ਪੱਥਰ ਦੀਆਂ ਜਾਪਦੀਆਂ ਸਨ, ਪਰ ਉਸਦੇ ਵਿਚ ਟੱਕਰ ਲਗਣ ਤੋਂ ਪਤਾ ਲਗਦਾ ਸੀ ਕਿ ਉਸਦੀ ਸੱਟ ਉਕੀ ਨਹੀਂ ਲਗਦੀ। ਪਤਾ ਨਹੀਂ ਉਹ ਕਿਸ ਸ਼ੈ ਦੀਆਂ ਬਣੀਆਂ ਸਨ। ਦੁਨੀਆਂ ਵਿਚ ਤਾਂ ਮੈਂ ਅਜ ਤਕ ਅਜਿਹੀ ਸੂਖਮ ਨਰਮ ਵਸਤੂ ਨਹੀਂ ਡਿਠੀ ਸੁਣੀ। ਅਸੀਂ ਗੁਥਮਗੁਥਾ ਹੁੰਦੇ ਹੋਏ ਕਦੇ ਉਹ ਮੈਨੂੰ ਕੰਧ ਵਿਚ ਮਾਰੇ, ਕਦੇ ਮੈਂ ਉਸ ਨੂੰ ਮਾਰਾਂ। ਇਸੇ ਤਰ੍ਹਾਂ ਭੀੜੀ ਗਲੀ ਵਿਚ ਦੀ ਜਾਂਦੇ ਜਾਂਦੇ ਅਸੀਂ ਇਕ ਵਡੇ ਫਾਟਕ ਉਤੇ ਪੁਜੇ, ਜਿਸ ਦੇ ਅੰਦਰ ਬਾਹਰ (ਜਾਂ ਦੂਜੀ ਵਲ) ਮੈਨੂੰ ਕੁਝ ਨਹੀਂ ਸੀ ਦਿਸਦਾ। ਫਿਰ ਵੀ ਮੈਂ ਇਕ ਵਡਾ ਮਕਾਨ ਯਾ ਕਾਰਖ਼ਾਨਾ ਸਮਝ ਕੇ ਫਾਟਕ ਵਲ ਖਿਚਾਂ ਕਿ ਸ਼ਾਇਦ ਕੋਈ ਆਦਮੀ ਮੇਰੀ ਮਦਦ ਕਰਨ ਵਾਲਾ ਲਭ ਪਵੇ ਤੇ ਮੈਂ ਇਸ ਬਲਾ ਤੋਂ ਛੁਟਾਂ। ਉਹ ਇਕ ਛੋਟੀ ਜਿਹੀ ਖਿੜਕੀ ਵਲ ਖਿਚੇ। ਮੈਂ ਆਪਣਾ ਸਾਰਾ ਤਾਣ ਲਾਇਆ ਕਿ ਕਿਵੇਂ ਮੈਂ ਇਸ ਨੂੰ ਖਿਚ ਕੇ ਫਾਟਕ ਨਾਲ ਮਾਰਾਂ, ਸ਼ਾਇਦ ਫਾਟਕ ਖੁਲ੍ਹ ਜਾਵੇ ਜਾਂ ਖੜਾਕ ਸੁਣ ਕੇ ਮਕਾਨ ਦਾ ਮਾਲਕ ਬਾਹਰ ਨਿਕਲੇ।

ਮੇਰੀ ਆਸ਼ਾ ਤਾਂ ਪੂਰੀ ਨਾ ਹੋਈ, ਪਰ ਉਸ ਨੇ ਮੈਨੂੰ ਛੋਟੀ ਖਿੜਕੀ ਵਿਚ ਚੁਕ ਮਾਰਿਆ। ਬੂਹਾ ਤਾਂ ਨਾ ਖੁਲ੍ਹਾ, ਪਰ ਝਟ ਪਟ ਉਸ ਖਿੜਕੀ ਵਿਚੋਂ ਦੀ ਇਕ ਸੁੰਦਰ ਜਵਾਨ ਇਸਤਰੀ ਮੁਟਿਆਰ ਬਾਹਰ ਨਿਕਲੀ। ਪਤਾ ਨਹੀਂ ਰਿੱਛ ਨੂੰ ਉਸ ਨੇ ਕੀ ਇਸ਼ਾਰਾ ਕੀਤਾ ਕਿ ਝਟ ਹੀ ਉਹ ਮੇਰੇ ਨਾਲ ਝਗੜਾ ਕਰਨੋਂ ਬੰਦ ਹੋ ਗਿਆ ਅਤੇ ਪੋਲੀ ਜਿਹੀ ਜਫੀ ਪਾਈ ਰਖੀ। ਸੁੰਦਰ ਇਸਤਰੀ ਮੇਰੇ ਵਲ ਮੂੰਹ ਕਰ ਕੇ ਬੋਲੀ—

"ਬੜੀ ਚੰਗੀ ਗੱਲ ਹੋਈ ਕਿ ਤੁਸੀਂ ਇਸ ਨਾਲ ਲੜਦੇ ਘੁਲਦੇ ਮੇਰੇ ਬੂਹੇ ਤੇ ਪੁਜ ਗਏ ਹੋ, ਨਹੀਂ ਤਾਂ ਇਸ ਰਿੱਛ ਨੇ ਤੁਹਾਨੂੰ ਮਾਰੇ ਬਿਨਾਂ ਨਹੀਂ ਸੀ ਛਡਣਾ। ਮੈਂ ਇਸ ਦੀ ਚੰਗੀ ਵਾਕਫ਼ ਹਾਂ। ਅਗੇ ਨੂੰ ਇਹ ਤਕਲੀਫ਼ ਨਹੀਂ ਦੇ ਸਕੇਗਾ। ਜੇ ਤੁਸੀਂ ਮੇਰੀ ਸਲਾਹ ਮੰਨੋ ਤਾਂ ਮੈਂ ਇਸ ਤੋਂ ਛੁਟਕਾਰਾ ਭੀ ਕਰਾ ਦਿੰਦੀ ਹਾਂ ਅਤੇ ਇਹ ਵਡੇ ਫਾਟਕ ਵਾਲਾ ਕਾਰਖ਼ਾਨਾ ਜਿਸ ਦੀ ਕਿ ਮੈਂ ਮਾਲਕ ਹਾਂ, ਤੁਹਾਡੇ ਵਾਸਤੇ ਖੋਲ੍ਹ ਦਿੰਦੀ ਹਾਂ। ਜੇ ਤੁਸੀਂ ਮਨਜ਼ੂਰ ਕਰੋ ਤਾਂ ਮੈਂ ਤੁਹਾਨੂੰ ਇਸ ਦਾ ਸਰਦਾਰ ਥਾਪ ਦਿੰਦੀ ਹਾਂ। ਤੁਸੀਂ ਹੱਥੀਂ ਕੁਝ ਨਾ ਕਰੋ, ਸਿਰਫ਼ ਸਭ ਮਜ਼ਦੂਰਾਂ ਤੇ (ਜੋ ਮੇਰੇ ਹੀ



bsrstrust.org

ਨੌਕਰ ਹਨ) ਕੰਮ ਕਰਾਓ। ਮੈਂ ਅਜੇ ਕੁੰਵਾਰੀ ਹਾਂ। ਰਿਛ ਮੇਰੇ ਹਵਾਲੇ ਕਰੋ ਅਤੇ ਮੇਰੇ ਨਾਲ ਸ਼ਾਦੀ ਵੀ ਕਰਵਾ ਲਵੋ ਤਾਂਕਿ ਮੇਰੀ ਜਾਇਦਾਦ (ਕਾਰਖਾਨੇ) ਦੇ ਮਾਲਕ ਹੀ ਹੋ ਜਾਓ। ਇਸ ਕਾਰਖਾਨੇ ਦੇ ਅੰਦਰ ਵਡੇ ਵਡੇ ਧਨਾਢ, ਰਾਜੇ, ਗਰੀਬ ਕੰਮ ਕਰਦੇ ਹਨ। ਤੁਹਾਨੂੰ ਮੇਰਾ ਮਾਲਕ ਸਮਝ ਕੇ ਮੇਰੇ ਵਰਗੀ ਹੀ ਕਦਰ ਕਰਨਗੇ। ਕੰਮ ਧੰਦਾ ਤਾਂ ਅਗੇ ਵੀ ਕਾਮੇ ਹੀ ਚਲਾ ਰਹੇ ਹਨ, ਤੁਹਾਨੂੰ ਕੋਈ ਹੱਥੀਂ ਕੰਮ ਨਹੀਂ ਕਰਨਾ ਪੈਣਾ। ਵੇਹਲਾ ਲੋਕਾਂ ਨੂੰ ਝਿੜਕਿਆ ਕਰੋ ਤੇ ਵਡਮੁੱਲੇ ਸੋਹਣੇ ਕੱਪੜੇ ਪਹਿਨ ਪਹਿਰ ਕੇ, ਅਨੰਦ ਨਾਲ ਬੇਫ਼ਿਕਰ ਜੇਬਾਂ ਵਿਚ ਹੱਥ ਪਾ ਕੇ, ਜਿਥੇ ਤੁਹਾਡਾ ਜੀ ਚਾਹੇ ਘੁੰਮਿਆ ਕਰੋ।"

ਮੈਂ ਆਪਣੇ ਦਿਲ ਵਿਚ ਦਲੀਲਾਂ ਕਰਨ ਲਗਾ ਕਿ ਹੁਣ ਕੀ ਕਰਨਾ ਚਾਹੀਦਾ ਹੈ। ਕਦੇ ਦਲੀਲ ਉਠੇ ਕਿ ਦੁਨੀਆਦਾਰੀ ਵਿਚ ਕੀ ਫਸਣਾ ਹੈ ? ਇਹ ਤਾਂ ਸਾਰੀ ਉਮਰ ਦਾ ਫਾਹਾ ਗਲ ਵਿਚ ਪਾਉਣਾ ਹੈ। ਅਗੇ ਛੜੇ ਛੜਾਕ ਹੋਣ ਕਰਕੇ ਅਨੰਦ ਕਰਦੇ ਹਾਂ। ਦਮ ਦਾ ਦਮ ਹੈ, ਨਾ ਕੋਈ ਫ਼ਿਕਰ ਤੇ ਨਾ ਗ਼ਮ ਹੈ। ਜਿਥੇ ਜੀ ਚਾਹੇ ਫ਼ਿਰਦੇ ਹਾਂ, ਜੋ ਜੀ ਚਾਹੇ ਖਾਂਦੇ ਹਾਂ। ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ਹੀ ਹੋਵੇਗਾ। ਨਾਲ ਹੀ ਕਈ ਗੁਰਵਾਕਾਂ ਤੇ ਗੁਰਮਤਿ-ਉਪਦੇਸ਼ਕਾਂ ਦੇ ਉਪਦੇਸ਼ ਯਾਦ ਆਉਣ ਕਿ ਸਿਖੀ ਮਾਰਗ ਵਿਚ ਗ੍ਰਿਹਸਤ ਪ੍ਰਵਾਨ ਹੈ। ਯਥਾ—

**"ਤੈਸੇ ਸਗਲ ਧਰਮ ਮਹਿ ਗ੍ਰਸਤ ਪ੍ਰਧਾਨ ਹੈ"** (ਭਾਈ ਗੁਰਦਾਸ ਜੀ)

ਅੰਤ ਰਿੱਛ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ, ਛੁਟਣ ਦੀ ਖ਼ੁਸ਼ੀ ਅਤੇ ਕਾਰਖ਼ਾਨੇ ਦੀ ਸਰਦਾਰੀ ਦੇ ਲਾਲਚ, ਤੀਸਰੇ ਉਸ ਦੀ ਸੁੰਦਰ ਮੋਹਣੀ ਸੂਰਤ ਨੂੰ ਵੇਖ ਕੇ ਅਤੇ ਉਸ ਦੀਆਂ ਮੋਮੋਠਗਣੀਆਂ ਗੱਲਾਂ ਬਾਤਾਂ ਸੁਣ ਕੇ "ਹਾਂ" ਕਰ ਦਿਤੀ। ਹਾਂ ਕਰਨ ਦੀ ਹੀ ਦੇਰ ਸੀ ਕਿ ਉਸ ਨੇ ਰਿੱਛ ਨੂੰ ਪਤਾ ਨਹੀਂ ਕੀ ਇਸ਼ਾਰਾ ਕੀਤਾ, ਉਹ ਝਟ ਪਟ ਮੈਨੂੰ ਛਡ ਕੇ ਉਸ ਦੇ ਪਾਸ ਜਾ ਖੜਾ ਹੋਇਆ। ਇਉਂ ਜਾਪੇ ਕਿ ਇਸ ਦਾ ਪਹਿਲਾਂ ਤੋਂ ਹੀ ਚੰਗਾ ਜਾਣੂ ਪਛਾਣੂ ਸਿਖਾਇਆ ਹੋਇਆ ਹੈ। ਵਡਾ ਦਰਵਾਜ਼ਾ ਆਪੇ ਹੀ ਖੁਲ੍ਹ ਗਿਆ। ਮੈਂ ਮੌਕਾ ਤਾੜ ਕੇ ਝਟ-ਪਟ ਅੰਦਰ ਜਾ ਵੜਿਆ।



bsrstrust.org

# ਅਜੀਬ ਬਜ਼ਾਰ—ਹੀਰੇ ਮੋਤੀਆਂ ਦੇ ਢੇਰ ਹੀਰਿਆਂ ਵਾਲੀ ਖੜਗ—ਰਿਛ ਨਾਲ ਸਿੱਝਣਾ

ਰਿੱਛ ਅਤੇ ਸੁੰਦਰੀ ਚੁਪ ਚਾਪ ਹੀ ਖੜੇ ਰਹੇ, ਨਾ ਮੈਨੂੰ ਉਨ੍ਹਾਂ ਨੇ ਕੁਝ ਕਿਹਾ ਅਤੇ ਨਾ ਹੀ ਮੈਂ ਉਨ੍ਹਾਂ ਨਾਲ ਕੋਈ ਹੋਰ ਬਾਤ ਚੀਤ ਕੀਤੀ। ਮੇਰੇ ਦਿਲ ਨੇ ਇਹ ਵੀ ਸੋਚਿਆ ਕਿ ਪਹਿਲਾਂ ਕਾਰਖ਼ਾਨਾ ਤਾਂ ਵੇਖ ਲਵਾਂ, ਪਿਛੋਂ ਇਸ ਦੇ ਸੰਗ ਸਾਥ ਹੀ ਰਹਿਣਾ ਹੈ, ਫਿਰ ਥੋੜੇ ਚਿਰ ਨੂੰ ਮੁੜ ਆਵਾਂਗਾ। ਮੈਂ ਥੋੜੀ ਦੂਰ ਹੀ ਉਸ ਸੜਕ ਵਲ ਵਧਿਆ ਕਿ ਇਕ ਸੜਕ ਦੇ ਦੋ ਰਸਤੇ ਪਾਟੇ। ਦੋ ਸੜਕਾਂ ਵਖੋ ਵਖ ਪਾਸਿਆਂ ਤੋਂ ਵਖ ਵਖ ਪਾਸਿਆਂ ਨੂੰ ਜਾਂਦੀਆਂ ਦਿਸੀਆਂ। ਮੈਂ ਅਧਾ ਕੁ ਮਿੰਟ ਅਟਕ ਕੇ ਵਿਚਾਰ ਕੀਤੀ ਕਿ ਪਹਿਲਾਂ ਕਿਸ ਪਾਸੇ ਜਾਣਾ ਚਾਹੀਦਾ ਹੈ। ਪਤਾ ਨਹੀਂ ਕਿਉਂ, ਇਕ ਖ਼ਾਸ ਪਾਸੇ ਨੂੰ ਪੈਰ ਆਪੇ ਹੀ ਉਠਦੇ ਜਾਪਣ ਅਤੇ ਦੂਜੇ ਪਾਸੇ ਜ਼ੋਰ ਲਾਇਆਂ ਵੀ ਨਾ ਤੁਰਨ। ਅੰਤ ਪਹਿਲਾ ਰਸਤਾ ਹੀ ਪਕੜਿਆ, ਜਿਸ ਉਤੇ ਮੈਂ ਥੋੜੀ ਹੀ ਵਾਟ ਗਿਆ ਹੋਵਾਂਗਾ ਕਿ ਕੀ ਦੇਖਦਾ ਹਾਂ ਕਿ ਮੈਂ ਤਾਂ ਇਕ ਡਬੀ ਬਾਜ਼ਾਰ ਵਿਚ ਖੜਾ ਹਾਂ, ਰਸਤਾ ਅਗੇ ਕਿਧਰੇ ਨਹੀਂ ਨਿਕਲਦਾ।

ਡਬੀ ਬਾਜ਼ਾਰ ਤੋਂ ਮੇਰਾ ਭਾਵ ਇਹ ਹੈ ਕਿ ਉਹ ਇਕ ਅਜਿਹਾ ਬਾਜ਼ਾਰ ਸੀ, ਜਿਸ ਦੇ ਚਾਰ ਚੁਫੇਰੇ ਦੁਕਾਨਾਂ ਦੀਆਂ ਕਤਾਰਾਂ ਹੀ ਸਨ ਤੇ ਰਸਤੇ (ਸੜਕਾਂ) ਹਰ ਪਾਸੇ ਨੂੰ ਜਾਂਦੇ ਦਿਸਦੇ ਸਨ, ਪਰ ਕੋਟੋਂ ਅੰਦਰ ਅੰਦਰ ਹੀ ਆਦਮੀ ਵੇਖ ਤੇ ਫਿਰ ਸਕਦਾ ਸੀ। ਹਰ ਇਕ ਸੜਕ ਕੋਟ ਤਕ ਪੁਜਦੀ ਸੀ। ਭਾਵੇਂ ਪ੍ਰਤੀਤ ਤਾਂ ਹੁੰਦਾ ਸੀ ਕਿ ਬਾਹਰ ਵੀ ਕਿਸੇ ਪਾਸੇ ਜਾਂਦੀ ਹੋਵੇਗੀ, ਪਰ ਕੋਟ ਦੇ ਦਰਵਾਜ਼ੇ ਬੰਦ ਸਨ ਅਤੇ ਕੋਈ ਪਹਿਰੇ ਵਾਲਾ ਫਾਟਕਾਂ ਨੂੰ ਖੋਲ੍ਹਣ ਬੰਦ ਕਰਨ ਵਾਸਤੇ ਖੜਾ ਕੀਤਾ ਹੋਇਆ ਨਹੀਂ ਸੀ। ਹਾਂ, ਖ਼ਾਸ ਭੇਦ ਕੋਈ ਨਾ ਕੋਈ ਜ਼ਰੂਰ ਹੋਵੇਗਾ। ਜਦ



bsrstrust.org

ਕੋਈ ਦਸੇਗਾ ਤਾਂ ਆਪੇ ਪਤਾ ਲਗ ਜਾਏਗਾ। ਚਲੋ ਪਹਿਲਾਂ ਫਿਰ ਤੁਰ ਕੇ ਬਾਜ਼ਾਰ ਤਾਂ ਘੁੰਮ ਕੇ ਵੇਖ ਲਈਏ।

ਮੈਨੂੰ ਚਾਰ ਚੁਫੇਰੇ ਇਕੋ ਜਿਹੀਆਂ ਹੱਟਾਂ ਇਕ ਨਮੂਨੇ ਦੀਆਂ ਦਿਸਣ, ਅਰ ਸਭਸ ਵਿਚ ਇਕੋ ਜਿਨਸ, ਇਕ ਹੀ ਰਾਖਾ ਜਾਂ ਦੁਕਾਨਦਾਰ ਦਿਖਾਈ ਦੇਵੇ। ਮੈਥੋਂ ਛੁਟ ਉਸ ਵਕਤ ਕੋਈ ਆਦਮੀ ਸੜਕ ਤੇ ਫਿਰਦਾ ਭੀ ਨਾ ਦਿਸੇ। ਦੁਕਾਨਾਂ ਦੀਆਂ ਸ਼ਕਲਾਂ ਵੀ ਇਕੋ ਜਿਹੀਆਂ ਹੀ ਸਨ, ਪਰ ਇਕ ਦੇ ਅਗੇ ਇਕੋ ਜਿਹਾ ਇਕ ਇਕ ਸੰਗਮਰਮਰ ਹੀਰੇ ਪੰਨੇ ਜੜਤ ਚਬੂਤਰਾ (ਥੜਾ) ਬਣਿਆ ਹੋਇਆ ਸੀ ਅਤੇ ਥੜੇ ਉਤੇ ਇਕ ਇਕ ਦੁਕਾਨਦਾਰ ਵਡਮੁੱਲੇ ਆਸਣ ਲਾਈ ਬੈਠਾ ਸੀ। ਉਸ ਦੇ ਅਗੇ ਹੀਰੇ ਮਾਣਕ ਜੜ੍ਹਤ ਸੋਨੇ ਦੀਆਂ ਚੂੜੀਆਂ ਆਦਿਕ ਭੂਸ਼ਨਾਂ ਦਾ ਢੇਰ ਲਗਾ ਹੋਇਆ ਸੀ। ਮੈਂ ਵੇਖ ਕੇ ਹੈਰਾਨ ਹੋਇਆ ਕਿ ਇਥੋਂ ਦਾ ਕੰਮ ਕਿਸ ਤਰ੍ਹਾਂ ਚਲਦਾ ਹੈ, ਕੋਈ ਗਾਹਕ ਨਹੀਂ ਦਿਸਦਾ ਤੇ ਨਾ ਹੀ ਇਹ ਦੁਕਾਨਦਾਰ ਕੋਈ ਕੰਮ ਧੰਦਾ ਕਰਦੇ ਹਨ। ਐਨੀਆਂ ਦੁਕਾਨਾਂ ਅਤੇ ਐਨਿਆਂ ਦੁਕਾਨਦਾਰਾਂ ਦਾ ਕੀ ਫ਼ਾਇਦਾ ? ਇਸ ਨੂੰ ਸੋਚ ਵਿਚਾਰ ਕੇ ਕੱਲ ਨਜਿਠਾਂਗਾ (ਅਥਵਾ ਭਲਕੇ ਇਨ੍ਹਾਂ ਦੁਕਾਨਾਂ ਤੇ ਦੁਕਾਨਦਾਰਾਂ ਦਾ ਫ਼ੈਸਲਾ ਕਰਾਂਗੇ ਕਿ ਖ਼ਰਚਾ ਕਿਉਂ ਨਾ ਘਟਾਇਆ ਜਾਏ)। ਪਰ ਮੈਂ ਤਾਂ ਆਪਣੇ ਆਪ ਨੂੰ ਸਰਦਾਰ ਸਮਝੀ ਬੈਠਾ ਸੀ, ਇਸ ਵਾਸਤੇ ਚੁਪ ਨਾ ਰਹਿ ਸਕਿਆ। ਐਵੇਂ ਫੋਕਾ ਦਬ-ਦਬਾ ਤੇ ਸਿੱਕਾ ਬਿਠਾਉਣ ਵਾਸਤੇ ਨੇੜੇ ਦੇ ਦੁਕਾਨਦਾਰ ਨੂੰ ਬੋਲਿਆ—

"ਤੁਸੀਂ ਸਾਰੇ ਵਿਹਲੇ ਹੀ ਬੈਠੇ ਹੋ, ਕੋਈ ਗਾਹਕ ਵੀ ਫਿਰਦਾ ਤੁਰਦਾ ਨਹੀਂ ਦਿਸਦਾ ਅਤੇ ਤੁਹਾਡੇ ਅਗੇ ਇਨ੍ਹਾਂ ਵਸਤਾਂ ਦੇ ਢੇਰ ਵੀ ਲਗੇ ਹੋਏ ਹਨ, ਕੋਈ ਹੋਰ ਕੰਮ ਹੀ ਕਰੋ।"

ਮੇਰੇ ਮੂੰਹੋਂ ਇਹ ਗੱਲ ਨਿਕਲੀ ਹੀ ਸੀ ਕਿ ਉਸ ਦੁਕਾਨਦਾਰ ਨੇ ਤਾੜੀ ਮਾਰੀ ਤੇ ਮੂੰਹੋਂ ਕਿਹਾ ਕਿ ਆਹਾ, ਇਕ ਬੁਧੂ ਹੋਰ ਆ ਗਿਆ। ਉਸ ਦੇ ਨਾਲ ਹੀ ਦੂਜਿਆਂ ਨੇ ਤਾੜੀ ਮਾਰੀ, ਸਭ ਖਿੜ-ਖਿੜਾ ਕੇ ਹੱਸਣ ਲੱਗੇ।

ਮੈਂ ਅੰਦਰੋਂ ਬੜਾ ਸ਼ਰਮਿੰਦਾ ਜਿਹਾ ਹੋ ਕੇ ਪਰ ਬਾਹਰੋਂ ਕੜਕ ਕੇ ਬੋਲਿਆ ਕਿ ਤੁਸੀਂ ਕਿਸ ਨੂੰ 'ਬੁਧੂ ਆ ਗਿਆ' ਆਖਦੇ ਹੋ? ਕੁਝ ਪੁਛ ਗਿਛ ਕੇ ਜਾਂ ਸੋਚ ਸਮਝ ਕੇ ਮੂੰਹੋਂ ਕਹਿਣਾ ਚਾਹੀਦਾ ਹੈ। ਮੈਂ ਤਾਂ ਸਰਦਾਰ ਬਣ ਕੇ ਆਇਆ ਹਾਂ ਅਤੇ



bsrstrust.org

ਇਸ ਕਾਰਖ਼ਾਨੇ ਨੂੰ ਚੰਗੀ ਤਰ੍ਹਾਂ ਚਲਾਵਾਂਗਾ। ਅਜ ਤਾਂ ਕੇਵਲ ਦੇਖਦਾ ਹੀ ਫਿਰਦਾ ਹਾਂ ਕਿ ਕੀ ਅਦਲਾ ਬਦਲੀ ਕਰਨੀ ਪਵੇਗੀ।

ਦੁਕਾਨਦਾਰ—ਮੈਂ ਤੈਨੂੰ ਹੀ ਬੁੱਧੂ ਆਖਦਾ ਹਾਂ ਤੇ ਜੋ ਕੁਝ ਮੈਂ ਕਿਹਾ ਹੈ ਸਮਝ ਸੋਚ ਕੇ ਨਹੀਂ, ਸਗੋਂ ਅੱਖੀਂ ਵੇਖ ਕੇ ਤੇ ਕੰਨੀਂ ਸੁਣ ਕੇ ਕਿਹਾ ਹੈ।

ਮੈਂ—ਦੁਕਾਨਦਾਰ ਜੀ, ਮੈਂ ਤੁਸਾਨੂੰ ਕੋਈ ਬੁਰੀ ਗੱਲ ਨਹੀਂ ਕਹੀ।

ਦੁਕਾਨਦਾਰ—ਮੈਂ ਵੀ ਤਾਂ ਜੋ ਕੁਝ ਕਿਹਾ ਹੈ, ਤੇਰੇ ਦਿਲ ਦੀ ਬੁਝ ਕੇ ਹੀ ਕਿਹਾ ਹੈ। ਮੈਂ ਤਾਂ ਤੇਰੇ ਫ਼ਾਇਦੇ ਦੀ ਕਹੀ ਹੈ। ਇਸ ਵਿਚ ਤੇਰਾ ਕੋਈ ਨੁਕਸਾਨ ਨਹੀਂ ਹੋਵੇਗਾ।

ਮੈਂ—ਮੈਨੂੰ ਸਮਝ ਨਹੀਂ ਪੈਂਦੀ ਕਿ ਤੁਸੀਂ ਵਾਧੂ ਖਿਲੀ ਉਡਾਈ, ਮਖ਼ੌਲ ਕੀਤਾ, ਮੇਰਾ ਦਿਲ ਦੁਖਿਆ, ਤੁਸਾਡੇ ਹੱਥ ਕੁਝ ਨਾ ਲਗਾ। ਉੱਤਮ ਪੁਰਸ਼ ਇਸ ਤਰ੍ਹਾਂ ਨਹੀਂ ਕਰਿਆ ਕਰਦੇ।

ਦੁਕਾਨਦਾਰ—ਤੈਨੂੰ ਇਸ ਦਾ ਕੀ ਪਤਾ ਹੈ ਕਿ ਮੇਰੇ ਹੱਥ ਕੁਝ ਲਗਾ ਹੈ ਕਿ ਨਹੀਂ, ਤੇਰੇ ਉਤਮ ਭਾਗ ਹਨ, ਪਿਛੇ ਕਦੇ ਚੰਗੇ ਕਰਮ ਕੀਤੇ ਹੋਣਗੇ, ਜਿਸ ਕਰਕੇ ਇਸ ਬਾਜ਼ਾਰ ਵਲ ਆ ਗਿਆ। ਅਸੀਂ ਸਭ ਦੁਕਾਨਦਾਰ ਇਕੋ ਦੀ ਨੌਕਰੀ ਕਰਦੇ ਹਾਂ। ਇਕੋ ਸੌਦਾ ਇਕੋ ਭਾਉ ਸਭਸ ਨੂੰ ਵੇਚਦੇ ਹਾਂ, ਚਾਹੇ ਕੋਈ ਕਿਸੇ ਦੁਕਾਨਦਾਰ ਤੋਂ ਖ਼ਰੀਦ ਲਵੇ, ਸਾਨੂੰ ਲਾਹਾ ਹੀ ਲਾਹਾ ਹੈ।

ਮੈਂ—(ਆਪਣੇ ਦਿਲ ਵਿਚ ਹੀ) ਇਸ ਕਾਰਖ਼ਾਨੇ ਦੀ ਮਾਲਕ ਇਕ ਇਸਤ੍ਰੀ ਹੈ ਜੋ ਮੈਨੂੰ ਇਸ ਦਾ ਮਾਲਕ ਬਣਾਉਣਾ ਚਾਹੁੰਦੀ ਹੈ। (ਆਪੇ ਹੀ) ਉਹ ਤਾਂ ਨਹੀਂ ਹੋਣੀ ਕਿਉਂਕਿ ਇਨ੍ਹਾਂ ਹੁਣੇ ਕਿਹਾ ਸੀ ਕਿ ਅਸੀਂ ਤੇਰੇ ਦਿਲ ਦੇ ਖ਼ਿਆਲ ਦੇਖ ਕੇ ਹੀ ਤਾੜੀ ਮਾਰੀ ਹੈ। ਹੁਣ ਇਨ੍ਹਾਂ ਤੋਂ ਪੁਛਣਾ ਠੀਕ ਹੋਵੇਗਾ। ਮੈਂ ਇਹ ਸੋਚ ਕੇ ਦੁਕਾਨਦਾਰ ਤੋਂ ਪੁਛਿਆ।

ਮੈਂ—ਭਲਾ ਇਹ ਤਾਂ ਦਸੋ, ਮੈਂ ਬੁੱਧੂ ਕਿਸ ਤਰ੍ਹਾਂ ਅਤੇ ਤੁਹਾਨੂੰ ਇਸ ਦੇ ਕਹਿਣ ਦਾ ਕੀ ਲਾਭ ?

ਦੁਕਾਨਦਾਰ—ਤੁਸੀਂ ਠੱਗੀ ਖਾਂਦੇ ਹੋ ਅਤੇ ਫੋਕੇ ਆਕੜੇ ਫਿਰਦੇ ਹੋ ਕਿ ਅਸੀਂ ਇਸ ਕਾਰਖ਼ਾਨੇ ਦੇ ਮਾਲਕ ਹਾਂ। ਤੁਹਾਨੂੰ ਠੱਗਣ ਵਾਲੀ ਖ਼ੁਦ ਮਾਲਕ ਨਹੀਂ, ਉਹ ਤੁਹਾਨੂੰ ਮਾਲਕ ਕਿਸ ਤਰ੍ਹਾਂ ਬਣਾ ਸਕਦੀ ਹੈ ?



bsrstrust.org

ਮੈਂ—(ਹੈਰਾਨ ਹੋ ਕੇ) ਹੈਂ, ਕੀ ਉਹ ਝੂਠੀ ਸੀ ? ਮੇਰੇ ਨਾਲ ਉਸ ਨੇ ਪਰਉਪਕਾਰ ਕੀਤਾ, ਬਲਾ ਤੋਂ ਫਸੇ ਨੂੰ ਛੁਡਾਇਆ। ਤੁਸੀਂ ਕਿਸ ਦੇ ਨੌਕਰ ਹੋ ਤੇ ਕੀ ਤਨਖ਼ਾਹ ਲੈਂਦੇ ਹੋ ?

ਦੁਕਾਨਦਾਰ—ਤੈਨੂੰ ਇਸ ਗੱਲ ਨਾਲ ਕੀ, ਸਾਨੂੰ ਕੁਝ ਮਿਲਦਾ ਹੋਵੇ ਯਾ ਨਾ। ਤੈਨੂੰ ਬੁੱਧੂ ਆਖਣ ਨਾਲ ਮੈਨੂੰ ਲਾਭ ਪੁਜੇਗਾ। ਇਕ ਤਾਂ ਮੇਰਾ ਮਾਲਕ ਖ਼ੁਸ਼ ਹੋਵੇਗਾ, ਦੂਜੇ ਤੇਰੀ ਫੋਕੀ ਆਕੜ ਟੁਟ ਜਾਵੇਗੀ।

ਮੈਂ—ਤੁਸੀਂ ਮੈਨੂੰ ਚੰਗੀ ਤਰ੍ਹਾਂ ਸਮਝਾ ਦੇਵੋ ਤਾਂਕਿ ਮੈਂ ਅਗੇ ਨੂੰ ਹੁਸ਼ਿਆਰ ਰਹਾਂ।

ਦੁਕਾਨਦਾਰ—ਇਹ ਮੇਰਾ ਕੰਮ ਨਹੀਂ, ਅਸੀਂ ਕਿਸੇ ਓਬੜ ਨੂੰ ਆਪਣੀ ਹਟੀਓਂ ਮਾਲ ਵੇਚ ਕੇ ਰਾਜ਼ੀ ਨਹੀਂ, ਤੁਸਾਨੂੰ ਮਾਲ ਵੇਚਣ ਵਾਲੇ ਤੁਹਾਡੀ ਹੀ ਸ਼ਕਲ ਦੇ ਮਿਲਣਗੇ, ਉਹੋ ਤੁਹਾਨੂੰ ਦਸਣਗੇ।

ਮੈਂ—ਮੈਨੂੰ ਇਹ ਪਤਾ ਨਹੀਂ ਲਗਦਾ ਕਿ ਜਦ ਇਕੋ ਹੀ ਸੌਦਾ ਸਭ ਹਟਾਂ ਤੇ ਹੈ, ਇਕੋ ਭਾਅ, ਇਕੋ ਕੀਮਤ ਤੇ ਇਕੋ ਹੀ ਮਾਲਕ ਦਾ ਹੈ ਤਾਂ ਫੇਰ ਤੁਸੀਂ ਮੈਨੂੰ ਸੌਦਾ ਕਿਉਂ ਨਹੀਂ ਵੇਚ ਸਕਦੇ।

ਦੁਕਾਨਦਾਰ—ਇਹ ਇਕ ਡੂੰਘਾ ਮਸਲਾ ਹੈ, ਅਜੇ ਤੇਰੀ ਸਮਝ ਵਿਚ ਨਹੀਂ ਆਉਣਾ। ਜਾਹ ਜਾ ਕੇ ਸਾਹਮਣੇ ਦੁਕਾਨਦਾਰ ਤੋਂ ਪੁਛ, ਜੋ ਤੇਰੇ ਰਸਤੇ ਦਾ ਚੰਗਾ ਜਾਣੂ ਹੈ। ਤੇਰੇ ਵਰਗਾ ਹੀ ਭੇਸ ਹੈ, ਅਥਵਾ ਸਿਖ ਹੈ। ਮੇਰੇ ਕਹੇ ਤੈਨੂੰ ਯਕੀਨ ਨਹੀਂ ਔਣ ਲਗਾ, ਮੈਂ ਐਵੇਂ ਵਾਧੂ ਆਪਣਾ ਵਕਤ ਕਿਉਂ ਗਵਾਵਾਂ। ਜੋ ਸਟ ਮਾਰਨੀ ਸੀ ਉਹ ਮਾਰ ਦਿਤੀ ਹੈ। ਅਗੇ ਮੇਰਾ ਦੂਜਾ ਭਾਈ ਦੁਕਾਨਦਾਰ ਜਾਣੇ ਤੇ ਤੂੰ ਜਾਣ। ਸਿਖ ਦੁਕਾਨਦਾਰ ਨੂੰ ਆਵਾਜ਼ ਮਾਰ ਕੇ, ਇਹ ਇਕ ਤੁਸਾਡਾ ਬੁੱਧੂ ਠੱਗੀ ਖਾ ਬੈਠਾ ਹੈ, ਇਸ ਨੂੰ ਕਿਵੇਂ ਇਸ ਠੱਗੀ ਦੇ ਜਾਲ ਵਿਚੋਂ ਕਢੋ। ਮੈਂ ਸਿਖ ਦੁਕਾਨਦਾਰ ਵਲ ਗਿਆ, ਫ਼ਤਹ ਗਜਾਈ, ਅਗੋਂ ਉਨ੍ਹਾਂ ਨੇ ਭੀ ਫ਼ਤਹ ਗਜਾ ਕੇ ਪਿਆਰ ਨਾਲ ਬੈਠਣ ਲਈ ਕਿਹਾ। ਮੈਂ ਬੈਠ ਗਿਆ ਤੇ ਇਹ ਸਵਾਲ ਪੇਸ਼ ਕਰ ਦਿਤਾ ਕਿ ਮੈਨੂੰ ਤੁਸੀਂ ਕਿਰਪਾ ਪੂਰਵਕ ਸਮਝਾਓ ਕਿ ਮੈਂ ਕੀ ਠੱਗੀ ਖਾਧੀ ਹੈ ਅਤੇ ਕਿਸ ਨੇ ਠੱਗੀ ਮਾਰੀ ?

ਸਿਖ ਦੁਕਾਨਦਾਰ—ਜੋ ਠੱਗੀ ਤੇਰੇ ਨਾਲ ਹੋਈ ਹੈ, ਕੋਈ ਗੁਝੀ ਛਿਪੀ



bsrstrust.org

ਨਹੀਂ, ਸਾਰਿਆਂ ਨਾਲ ਹੁੰਦੀ ਹੈ। ਇਹ ਬੜੀ ਮਿਠੀ ਠੱਗੀ ਹੈ, ਠੱਗਣੀ ਵੀ ਬੜੀ ਚਲਾਕ ਹੈ, ਕਿਸੇ ਨੂੰ ਕਿਸੇ ਤਰ੍ਹਾਂ, ਕਿਸੇ ਨੂੰ ਕਿਵੇਂ ਫਹਾ ਹੀ ਲੈਂਦੀ ਹੈ। ਵਾਧਾ ਇਹ ਹੈ ਕਿ ਸਭ ਨੂੰ ਅਜਿਹੇ ਲਟੂ ਕਰ ਦਿੰਦੀ ਹੈ ਕਿ ਤੇਲੀ ਦੇ ਬਲਦ ਵਾਂਗੂੰ ਸਾਰੀ ਉਮਰ ਮਿਠੇ ਦੇ ਲਾਲਚ ਮਖੀ ਵਾਂਗੂੰ ਹਸਦੇ ਖੇਡਦੇ ਰੋਂਦੇ ਪਿਟਦੇ ਲੋਕੀਂ ਆਪੋ ਆਪਣੀ ਧੰਦੀਂ ਲਗੇ ਹੀ ਰਹਿੰਦੇ ਹਨ। ਅੰਤ ਸਮੇਂ ਨੰਗੇ ਹੀ ਖ਼ਾਲੀ ਹਥੀਂ ਤੁਰ ਜਾਂਦੇ ਹਨ ਅਤੇ ਕਦੇ ਸੁਖ ਦਾ ਸਾਹ ਵੀ ਨਹੀਂ ਲੈ ਸਕਦੇ। ਕੋਈ ਧਨਾਢ ਹੈ ਤਾਂ ਪੁਤਰ ਧੀ ਬੀਮਾਰ ਹੈ ਯਾ ਉਕੱਾ ਹੀ ਨਹੀਂ ਹੁੰਦਾ। ਜੇ ਗਰੀਬ ਹੈ ਤਾਂ ਪੁਤਰ ਧੀ ਭਾਵੇਂ ਬਹੁਤ ਹਨ, ਪਰ ਖਾਣੋਂ ਪੀਣੋਂ ਤੰਗ ਹੁੰਦਾ ਹੈ। ਕਿਸੇ ਨੂੰ ਕੋਈ ਦੁਖ ਕਿਸੇ ਨੂੰ ਕੋਈ ਦੁਖ ਲਗਾ ਹੋਇਆ ਹੈ, ਸੁਖੀ ਕੋਈ ਨਹੀਂ ਦਿਸਦਾ। ਰਾਜੇ ਤੋਂ ਅਰਦਲੀਆਂ ਮੇਹਤ੍ਰਾਂ ਤਾਈ ਸਭ ਦੇ ਸਭ ਦੁਖੀ ਦਿਸਦੇ ਹਨ। ਕੋਈ ਨਹੀਂ ਕਹਿੰਦਾ ਕਿ ਮੈਨੂੰ ਕਿਸੇ ਸ਼ੈ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਕਿਸੇ ਨਾ ਕਿਸੇ ਸ਼ੈ ਦੇ ਚਾਹਵਾਨ ਹੋ ਕੇ ਮਗਰ ਹੀ ਲਗੇ ਫਿਰਦੇ ਹਨ, ਭਾਵੇਂ ਕੁਛ ਲਭੇ ਕਿ ਨਾ ਲਭੇ, ਅੰਤ ਸਮੇਂ ਖ਼ਾਲੀ ਹਥੀਂ ਨੰਗੇ ਧੜ ਇਸ ਕਾਰਖ਼ਾਨੇ ਵਿਚੋਂ ਦਿਲੋਂ ਦੁਖੀ ਹੋ ਕੇ ਚਲੇ ਜਾਂਦੇ ਹਨ, ਕੇਵਲ ਕੋਲਿਆਂ ਦੀ ਦਲਾਲੀ ਵਿਚੋਂ ਮੂੰਹ ਕਾਲਾ ਹੀ ਹੁੰਦਾ ਹੈ। ਇਸ ਵਿਚ ਕੁਝ ਸ਼ਕ ਨਹੀਂ ਕਿ ਤੈਨੂੰ ਠਗਣ ਵਾਲੀ ਚਲਾਕ ਮੋਮੋਠਗਣੀ ਹਰ ਇਕ ਪ੍ਰਾਣੀ ਨੂੰ ਸੁੰਦਰ ਜਵਾਨ ਦਿਖਾਈ ਦਿੰਦੀ ਹੈ, ਕਿਸੇ ਨਾ ਕਿਸੇ ਛਲ ਨਾਲ ਅਜਿਹੀ ਠਗੀ ਮਾਰਦੀ ਹੈ ਕਿ ਵਡੇ ਵਡੇ ਇਸ ਦੇ ਹੱਥੋਂ ਸੁੱਕੇ ਨ ਬਚ ਸਕੇ। ਗੁਰੂ ਸਾਹਿਬ ਨੇ ਇਸ ਦੇ ਪ੍ਰਥਾਇ ਸਿਖਾਂ ਨੂੰ ਸਮਝਾਉਣ ਵਾਸਤੇ ਗੁਰ ਸ਼ਬਦ ਉਚਾਰਨ ਕੀਤੇ ਹਨ। ਯਥਾ—

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵਲਾਇ॥

ਗੂਜਰੀ ਕੀ ਵਾਰ, ਮ: ੩, ॥੨॥੫॥ (ਪੰਨਾ ੫੧੦)

ਤ੍ਰਿਬਿਧਿ ਮਾਇਆ ਰਹੀ ਬਿਆਪਿ॥
ਜੋ ਲਪਟਾਨੋ ਤਿਸੁ ਦੂਖ ਸੰਤਾਪ॥

ਭੈਰਉ ਮ: ੫, ॥੨॥੨੦॥੩੩॥ (ਪੰਨਾ ੧੧੪੫)



bsrstrust.org

ਮੋਹਨੀ ਮੋਹਤ ਰਹੈ ਨ ਹੋਰੀ॥ ਸਾਧਿਕ ਸਿਧ ਸਗਲ
ਕੀ ਪਿਆਰੀ ਤੁਟੈ ਨ ਕਾਹੂ ਤੋਰੀ॥ ਰਹਾਉ। ਖਟੁ ਸਾਸਤ੍ਰ
ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ॥ ਪੂਜਾ॥
ਚਕ੍ਰ ਬਰਤ ਨੇਮ ਤਪੀਆ ਊਹਾ ਗੈਲ ਨ ਛੋਰੀ॥

ਸਾਰਗ ਮ: ੫, ॥੧॥੩੭॥੬੦॥ (ਪੰਨਾ ੧੨੧੬)

ਮਾਇਆ ਸੰਚਿ ਰਾਜੇ ਅਹੰਕਾਰੀ॥ ਮਾਇਆ ਸਾਥਿ
ਨ ਚਲੈ ਪਿਆਰੀ॥ ਮਾਇਆ ਮਮਤਾ ਹੈ ਬਹੁ ਰੰਗੀ॥
ਬਿਨੁ ਨਾਵੈ ਕੋ ਸਾਥਿ ਨ ਸੰਗੀ॥

ਪ੍ਰਭਾਤੀ, ਅਸਟਪਦੀਆ ਮ: ੧, ॥੨॥੧॥(ਪੰਨਾ ੧੩੪੨)

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ
ਦੂਜਾ ਲਾਇਆ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ
ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥

ਰਾਮਕਲੀ ਮ: ੩, ਅਨੰਦ ॥੨੯॥ (ਪੰਨਾ ੯੨੧)

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥

ਰਾਮਕਲੀ ਮ: ੧, ਦਖਣੀ ਉਅੰਕਾਰ ॥੪੨॥ (ਪੰਨਾ ੯੩੫)

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥
ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥੧॥
ਰਹਾਉ॥ ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥

ਆਸਾ ਸ੍ਰੀ ਕਬੀਰ ਜੀਉ ਕੇ ਇਕਤੁਕੇ॥੨॥੬॥੧੯॥ (ਪੰਨਾ ੪੮੦)

ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ
ਕਰੇ ਅਰਦਾਸਿ॥ ਜੋ ਤੂੰ ਕਹਹਿ ਸੁ ਕਾਰ ਕਮਾਵਾ॥



bsrstrust.org

ਜਨ ਨਾਨਕ ਗੁਰਮੁਖਿ ਨੇੜਿ ਨ ਆਵਾ॥

ਰਾਗੁ ਆਸਾ-ਮ.੫,॥੪॥੧॥ (ਪੰਨਾ ੩੭੦)

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥
ਚਰਣੀਲਾਗੈ ਤਾ ਮਹਲੁ ਪਾਵੈ॥

ਗਉੜੀ ਮ:੩,॥੬॥੪॥ (ਪੰਨਾ ੨੩੧)

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥

ਰਾਗੁ ਸੋਰਠਿ ਵਾਰ ਮਹਲੇ ੪ ਕੀ, ਸਲੋਕ ਮ: ੩,॥੧॥੪॥ (ਪੰਨਾ ੬੪੩)

ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ॥
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ॥

ਗਉੜੀ ਬਾਵਨ ਅਖਰੀ, ਸਲੋਕੁ ਮ: ੫, ॥੧॥੪੧॥ (ਪੰਨਾ ੨੫੮)

ਮਾਈ ਮਾਇਆ ਛਲੁ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿੰਦ ਭਜਨ ਬਿਨੁ ਹੜ ਕਾ ਜਲੁ॥ ਰਹਾਉ॥

ਟੋਡੀ ਮ: ੫, ॥੧॥੭॥੨੬॥ (ਪੰਨਾ ੭੧੭)

ਮੈਂ—ਗੁਰਮੁਖ ਸਜਣ ਜੀ! ਮੈਨੂੰ ਪਹਿਲਾਂ ਇਹ ਤਾਂ ਦਸੋ ਕਿ ਇਸ ਕਾਰਖ਼ਾਨੇ ਦਾ ਮਾਲਕ ਕੌਣ ਹੈ ਅਤੇ ਮੇਰੇ ਨਾਲ ਉਸ ਨੇ ਕੀ ਠੱਗੀ ਕੀਤੀ ਹੈ। ਮੈਂ ਉਸ ਨੂੰ ਕੁਝ ਨਹੀਂ ਦਿਤਾ। ਉਸ ਵਿਚਾਰੀ ਨੇ ਮੈਨੂੰ ਫਾਥੇ ਹੋਏ ਨੂੰ ਰਿੱਛ ਤੋਂ ਛੁਡਾਇਆ ਹੈ, ਕਾਰਖ਼ਾਨੇ ਦਾ ਸਰਦਾਰ ਬਣਾਵੇਗੀ।

ਗੁਰਮੁਖਿ ਸਿੰਘ—ਵਾਹ ਬਈ ਵਾਹ! ਕਾਰਖ਼ਾਨੇ ਦਾ ਸਰਦਾਰ ਭੀ ਬਣਾ ਦੇਵੇਗੀ, ਰਿੱਛ ਤੋਂ ਭੀ ਛੁਡਾ ਦਿਤਾ ਅਤੇ ਉਮੈਦ ਹੈ ਤੇਰੇ ਨਾਲ ਵਿਆਹ ਭੀ ਕਰਾਵੇਗੀ। (ਪਿਛਲੀ ਗੱਲ ਕਰ ਕੇ ਹੱਸ ਪਏ ਅਤੇ ਖ਼ੂਬ ਮੇਰੇ ਭੋਲੇ-ਪਨ ਉਤੇ ਹੱਸਦੇ ਰਹੇ। ਕਦੇ ਕਦੇ ਗੁਣਗੁਣਾਏ) ਵਾਹ ਜੀ ਵਾਹ! ਵਡੀ ਰਾਹਕਾਰ ਹੈ, ਕਦੇ ਕਿਸੇ ਦੀ ਨਹੀਂ ਹੋਈ ਨਾ ਹੋਵੇਗੀ। ਕਈਆਂ ਜੁਗਾਂ ਤੋਂ ਇਸ ਨੇ ਅਜਿਹਾ ਜਾਲ ਘਤਿਆ ਹੈ ਕਿ ਇਸ ਤੋਂ ਕਈ ਰਿਖੀ—ਮੁਨੀ ਅਤੇ ਪੈਗ਼ੰਬਰ ਔਤਾਰ ਫ਼ਕੀਰ ਸੰਨਿਆਸੀ ਦਿਗੰਬਰ ਧੋਖਾ ਖਾ ਗਏ ਅਤੇ ਇਸ ਕਾਰਖ਼ਾਨੇ ਦੀਆਂ ਕੋਲਿਆਂ ਦੀਆਂ ਖਾਣਾਂ ਵਿਚ ਕੰਮ ਕਰਦੇ ਕਰਦੇ ਕੋਹਲੂ ਦੇ ਬਲਦ ਵਾਂਗੂੰ ਭੌਂਦੇ ਫਿਰ ਰਹੇ ਹਨ,



bsrstrust.org

ਇਸ ਕਾਰਖ਼ਾਨੇ ਵਿਚੋਂ ਨਿਕਲ ਨਹੀਂ ਸਕਦੇ। ਕੇਵਲ ਕੋਈ ਸਤਿਸੰਗੀ ਗੁਰੂ ਦੀ ਕਿਰਪਾ ਦੁਆਰਾ ਹੀ ਏਥੋਂ ਨਿਕਲ ਸਕਦਾ ਹੈ। ਚੰਗਾ ਹੋਇਆ ਤੂੰ ਛੇਤੀ ਹੀ ਇਸ ਬਾਜ਼ਾਰ ਵਲ ਆ ਗਿਆ ਹੈਂ, ਭਾਵੇਂ ਰਿੱਛ ਤਾਂ ਤੂੰ ਉਸਨੂੰ ਦੇ ਹੀ ਬੈਠਾ ਹੈਂ। ਅਗੇ ਤਾਂ ਉਮੈਦ ਸੀ ਕਿ ਜੇ ਤੂੰ ਉਸ ਨਾਲ ਲੜਦਾ ਘੁਲਦਾ ਡਿਗਦਾ ਢਹਿੰਦਾ ਏਥੇ ਉਸ ਨੂੰ ਨਾਲ ਹੀ ਖਿੱਚ ਲਿਆਉਂਦਾ ਤਾਂ ਉਹ ਤੇਰੇ ਵਸ ਹੋ ਜਾਂਦਾ, ਪਰ ਹੁਣ ਉਹ ਤੇਰੇ ਵੱਸ ਨਹੀਂ ਆਵੇਗਾ। ਕੋਈ ਗੱਲ ਨਹੀਂ, ਆਪਣੀ ਵਲੋਂ ਵਾਹ ਲਾਓ, ਕਿ ਤੇਰਾ ਕਿਹਾ ਮੰਨਦਾ ਰਹੇ ਤੇ ਤੈਨੂੰ ਇਸ ਕਾਰਖ਼ਾਨੇ ਵਿਚੋਂ ਕੱਢ ਲੈ ਜਾਏ। ਨਹੀਂ ਤਾਂ ਇਹ ਲੈ ਸਤਿਗੁਰੂ ਦੀ ਹੀਰੇ ਜੜ੍ਹਤ ਵਡਮੁੱਲੀ ਕ੍ਰਿਪਾਨ (ਖੜਗ), ਜਿਸਦੇ ਇਕ ਕਿਣਕੇ ਦੇ ਤੁਲ ਇਹ ਕਾਰਖ਼ਾਨੇ ਕੀ, ਅਜਿਹੇ ਕੋਟਾਂ ਕਾਰਖ਼ਾਨਿਆਂ ਦੀਆਂ ਵਡਮੁੱਲੀਆਂ ਧਾਤਾਂ, ਸੋਨਾ, ਚਾਂਦੀ, ਹੀਰੇ ਜਵਾਹਰ, ਪੰਨੇ, ਆਦਿਕ ਦੀਆਂ ਪਹਾੜੀਆਂ, ਖਾਨਾਂ, ਸਮੁੰਦਰ ਨਹੀਂ ਪੁਜ ਸਕਦੇ। ਹੁਣ ਛੇਤੀ ਉਸ ਦੇ ਪਾਸ ਜਾਹ ਅਤੇ ਇਹ ਸਤਿਗੁਰੂ ਦੀ ਖੜਗ ਦਿਖਾ ਕੇ ਉਸ ਤੋਂ ਆਪਣਾ ਰਿੱਛ ਵਾਪਸ ਲੈ ਆ। ਇਸ ਖੜਗ ਤੋਂ ਬਿਨਾਂ ਉਹ ਰਿੱਛ ਕਦੇ ਵਾਪਸ ਨਹੀਂ ਦੇਵੇਗੀ। ਇਸਨੂੰ ਵੇਖ ਕੇ ਉਹ ਸੜੇਗੀ, ਬੋਲੇਗੀ, ਕ੍ਰਿਝੇਗੀ ਤੇ ਤੰਗ ਹੋਵੇਗੀ, ਪਰ ਰਿੱਛ ਜ਼ਰੂਰ ਵਾਪਸ ਕਰ ਦੇਵੇਗੀ।

ਮੈਂ—ਬਹੁਤ ਅਛਾ ਮਹਾਰਾਜ ਜੀ, ਮੈਂ ਛੇਤੀ ਹੀ ਜਾਂਦਾ ਹਾਂ, ਪਰ ਮੈਨੂੰ ਤੁਸੀਂ ਇਹ ਨਾ ਦਸਿਆ ਕਿ ਇਹ ਸੁੰਦਰ ਇਸਤ੍ਰੀ ਕੌਣ ਹੈ ਅਤੇ ਮੇਰਾ ਰਿੱਛ ਨਾਲ ਕੀ ਸੰਬੰਧ ਹੈ ਅਤੇ ਹੁਣ ਜੇ ਮੈਂ ਰਿੱਛ ਉਸੇ ਪਾਸ ਰਹਿਣ ਦੇਵਾਂ ਤਾਂ ਕੀ ਹਰਜ ਹੈ। ਮੁਫ਼ਤ ਵਿਚ ਮੈਨੂੰ ਉਸ ਨਾਲ ਅਗੇ ਵਾਂਗੂੰ ਲੜਨਾ ਝਗੜਨਾ ਪਵੇਗਾ, ਸ਼ਾਇਦ ਮੈਂ ਉਸ ਨੂੰ ਨਾ ਮਾਰ ਸਕਾਂ, ਕਿਤੇ ਉਹ ਮੈਨੂੰ ਹੀ ਨਾ ਮਾਰ ਘਤੇ।

ਗੁਰਮੁਖਿ ਸਿੰਘ—ਭੋਲਿਆ, ਅਜੇ ਤੈਨੂੰ ਸਮਝ ਨਹੀਂ ਪਈ, ਲੈ ਸੁਣ ਲੈ, ਭਗਤਾਂ ਨੇ ਇਸ ਨੂੰ ਨਕਟੀ ਛਲੀਆ ਆਦਿਕ ਨਾਮਾਂ ਤੋਂ ਪੁਕਾਰਿਆ। ਕੇਵਲ ਇਸ ਤੋਂ ਭਗਤ ਹੀ ਛੁਟ ਸਕਦੇ ਹਨ। ਗੁਰੂ ਦੀ ਕਿਰਪਾ ਬਿਨਾਂ ਸਭ ਨੂੰ ਠੱਗ ਲੈਂਦੀ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਦਸਾਂ ਹੀ ਜਾਮਿਆਂ ਵਿਚ ਇਸ ਤੋਂ ਬਚਣ ਦੇ ਉਪਾਓ ਚੰਗੀ ਤਰ੍ਹਾਂ ਦਸੇ ਹਨ, ਜੋ ਅਜ ਕਲ ਭੀ ਪੜ੍ਹੇ ਸੁਣੇ ਜਾ ਸਕਦੇ ਹਨ। ਅਜਿਹੇ ਕਈ ਸ਼ਬਦ ਹੋਰ ਵੀ ਸੁਣਾਏ, ਜੈਸੇ ਕਿ—



bsrstrust.org

(ੳ) **ਮੋਹਨੀ ਮੋਹਿ ਲੀਏ ਤ੍ਰੈ ਗੁਨੀਆ॥**

ਮਾਰੂ ਮ: ੫, ॥੧॥੨॥੧੮॥ (ਪੰਨਾ ੧੦੦੪)

(ਅ) **ਨਕਟੀ ਕੋ ਠਨਗਨ ਬਾਡਾ ਡੂੰ॥**

ਆਸਾ ਸ੍ਰੀ ਕਬੀਰ ਜੀਉ॥ ॥੧॥੪॥ (ਪੰਨਾ ੪੭੬)

(ੲ) **ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ॥**

ਕਲਿਆਨ ਮ:੪, ॥੨॥੨॥ (ਪੰਨਾ ੧੩੨੪)

(ਸ) **ਬਿਸੀਅਰੁ ਬਿਸੁ ਭਰੇ ਹੈ ਪੂਰਨ ਗੁਰ ਗਰੁੜ ਸਬਦੁ ਮੁਖਿ ਪਾਵੈਗੋ॥ ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ॥**

ਕਾਨੜਾ ਮ:੪,॥੨॥੫॥ (ਪੰਨਾ ੧੩੧੧)

ਕਹਿਣ ਲਗੇ ਕਿ ਇਸਤ੍ਰੀ ਤਾਂ ਮਾਇਆ ਸੀ, ਕਾਰਖ਼ਾਨਾ ਇਹ ਦੁਨੀਆ ਹੈ ਤੇ ਰਿੱਛ ਤੇਰਾ ਆਪਣਾ ਮਨ ਹੀ ਹੈ, ਜੋ ਤੂੰ ਉਸ ਦੇ ਹਵਾਲੇ ਕਰ ਆਇਆ ਹੈਂ। ਭਾਵੇਂ ਉਸ (ਮਾਇਆ) ਨੇ ਅਜੇ ਚੰਗੀ ਤਰ੍ਹਾਂ ਪੜ੍ਹਾਇਆ ਫਸਾਇਆ ਨਹੀਂ, ਇਸ ਵਾਸਤੇ ਹੋ ਸਕਦਾ ਹੈ ਕਿ ਸ਼ਾਇਦ ਤੇਰੇ ਵੱਸ ਵਿਚ ਆ ਸਕੇ, ਪਰ ਜੇ ਮੇਰੀ ਸਲਾਹ ਮੰਨੇਂ ਤਾਂ ਰਿਛ ਨੂੰ ਵਾਪਸ ਲੈ ਆ ਤੇ ਉਸ ਨੂੰ ਆਖ ਕਿ ਮੈਨੂੰ ਇਸ ਕਾਰਖ਼ਾਨੇ ਤੋਂ ਬਾਹਰ ਕੱਢ। ਅਜੇ ਉਸ ਨੇ ਥੋੜੀ ਹੀ ਮਾਇਆ ਦੀ ਕੁਸੰਗਤ ਕੀਤੀ ਹੈ। ਸ਼ਾਇਦ ਆਖੇ ਲਗ ਜਾਏ। ਪਰ ਇਸ ਦਾ ਧੋਖਾ ਨਾ ਖਾਈ, ਸਤਿਗੁਰਾਂ ਦੀ ਖੜਗ ਕੋਲ ਰਖੀਂ। ਜੇ ਉਹ ਤੈਨੂੰ ਧੋਖਾ ਦੇਵੇ ਜਾਂ ਕਾਰਖ਼ਾਨੇ ਵਿਚੋਂ ਕੱਢਣੋਂ ਟਾਲਮਟੋਲੇ ਕਰੇ ਤਾਂ ਲਿਹਾਜ਼ ਨਾ ਕਰੀਂ ਤੇ ਉਸ ਤੋਂ ਡਰੀਂ ਵੀ ਨਾ, ਉਹ ਤੈਨੂੰ ਮਾਰ ਨਹੀਂ ਸਕਦੀ। ਓਸ ਦੇ ਮਾਰਨ ਨਾਲ ਤੈਨੂੰ ਘਾਟਾ ਨਹੀਂ ਪਵੇਗਾ। ਸਗਵਾਂ ਉਸ ਦੇ ਸੰਗੀ ਸਾਥੀ ਸਾਰੇ ਹੀ ਤੇਰੇ ਅਧੀਨ ਹੋ ਜਾਣਗੇ ਅਤੇ ਤੂੰ ਇਸ ਕਾਰਖ਼ਾਨੇ ਵਿਚੋਂ ਬੇਖਟਕੇ, ਬਿਨਾਂ ਕਿਸੇ ਤਕਲੀਫ਼ ਉਠਾਈ ਤੋਂ ਨਿਕਲ ਜਾਵੇਂਗਾ।

ਮੈਂ—ਗੁਰਮੁਖਿ ਸੰਤ ਜੀ! ਮੈਨੂੰ ਵੀ ਇਥੇ ਆਪਣੇ ਪਾਸ ਹੀ ਰਖ ਲਵੋ। ਮੈਂ ਤੁਹਾਡੀ ਸੰਗਤ ਵਿਚ ਰਹਿ ਕੇ ਆਪਣੇ ਰਿੱਛ ਨੂੰ ਵਸ ਕਰ ਲਵਾਂਗਾ ਅਤੇ ਤੁਹਾਡਾ ਸਾਹਮਣੇ ਹੀ ਤੁਹਾਡੇ ਹੁਕਮ ਅਨੁਸਾਰ ਉਸ ਨਾਲ ਸਲੂਕ ਕਰਦਾ ਰਹਾਂਗਾ।



bsrstrust.org

ਗੁਰਮੁਖਿ ਸਿੰਘ—ਇਹ ਮੇਰੇ ਵਸ ਦੀ ਗੱਲ ਨਹੀਂ, ਏਥੋਂ ਦਾ ਦਸਤੂਰ ਹੈ ਕਿ ਸਿਰਫ ਇਕ-ਇਕ ਸਜਣ ਹੀ ਵਖੋ ਵਖ ਧਰਮਾਂ ਦਾ ਰਖਿਆ ਹੋਇਆ ਹੈ, ਜੋ ਤੇਰੇ ਵਰਗਿਆਂ ਭੁਲਿਆਂ ਭਟਕਿਆਂ ਨੂੰ ਰਸਤਾ ਦਸ ਦਿੰਦਾ ਹੈ। ਭਾਵੇਂ ਸਿਧਾਂਤ ਉਪਦੇਸ਼ ਤਾਂ ਇਕੋ ਹੀ ਹੈ, ਫੇਰ ਵੀ ਜੋ ਰਸਤਾ ਕਿਸੇ ਨੇ ਅਖ਼ਤਿਆਰ ਕੀਤਾ ਹੋਵੇ ਉਸ ਦੇ ਉਤੇ ਹੀ ਜੋ ਪੰਧਾਊ ਚਲਦਾ ਰਿਹਾ ਹੋਵੇ, ਦਸ ਸਕਦਾ ਹੈ ਤੇ ਖ਼ਾਸ ਜੋ ਉਸ ਸੜਕ ਉਤੇ ਆਉਂਦਾ ਜਾਂਦਾ ਰਿਹਾ ਹੋਵੇ, ਉਸਦੀ ਗੱਲ ਮੰਨਣੀ ਚਾਹੀਦੀ ਹੈ। ਦੂਜੇ, ਏਥੇ ਉਹ ਹੀ ਟਿਕ ਸਕਦਾ ਹੈ ਜਿਸ ਦੇ ਪਾਸ ਆਪਣਾ ਰਿੱਛ ਹੋਵੇ ਅਤੇ ਰਿੱਛ ਵੀ ਵੱਸ ਵਿਚ ਹੋਵੇ। ਤੂੰ ਤਾਂ ਰਿਛ ਨੂੰ ਨਾਲ ਹੀ ਨਹੀਂ ਲੈ ਕੇ ਆਇਆ। ਜਦ ਰਿੱਛ ਵੱਸ ਵਿਚ ਹੋਵੇਗਾ, ਫਿਰ ਵੇਖੀ ਡਿਠੀ ਜਾਵੇਗੀ। ਮੈਂ ਤਾਂ ਕੇਵਲ ਸਤਿਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਬੈਠਾ ਹਾਂ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਸਾਰੇ ਭੁਲੇ ਭਟਕਿਆਂ ਨੂੰ ਏਥੋਂ ਨਿਕਲਣ ਦੀ ਜਾਚ ਦਸਦਾ ਰਹਿੰਦਾ ਹਾਂ। ਮੇਰਾ ਆਪਣਾ ਦਿਲ ਭੀ ਏਥੇ ਅਟਕਣ ਨੂੰ ਨਹੀਂ ਕਰਦਾ, ਪਰ ਸਤਿਗੁਰੂ ਜੀ ਦਾ ਹੁਕਮ ਮੇਰੇ ਵਾਸਤੇ ਇਹ ਸੇਵਾ ਕਰਨ ਦਾ ਹੀ ਹੈ। ਇਹ ਬਾਜ਼ਾਰ ਕੇਵਲ ਸੰਤ-ਮੰਡਲੀ ਦੇ ਵਾਸਤੇ ਹੀ ਹੈ। ਚੂੜੀਆਂ ਕੜੇ ਕ੍ਰਿਪਾਨਾਂ ਜਵਾਹਰਾਤ ਜੜ੍ਹਤ ਵਖੋ ਵਖ ਧਰਮਾਂ ਦੇ ਨਿਸ਼ਾਨ ਹਨ। ਲੋੜ ਮੂਜਬ ਹਰ ਇਕ ਲੋੜਵੰਦ ਨੂੰ ਏਥੋਂ, ਦਿਤੇ ਜਾਂਦੇ ਹਨ ਤੇ ਖਜ਼ਾਨਾ ਅਖੁੱਟ ਹੈ। ਕੋਈ ਇਸ ਨੂੰ ਘੜਦਾ ਨਹੀਂ, ਨਾ ਹੀ ਕਿਤੋਂ ਲਿਆ ਕੇ ਹੋਰ ਰਖੇ ਜਾਂਦੇ ਹਨ, ਨਾ ਹੀ ਕਿਤੋਂ ਮੁਲ ਮਿਲ ਸਕਦੇ ਹਨ। ਅਕਾਲ ਪੁਰਖ ਨੇ ਅਜਿਹੀ ਢੇਰੀ ਲਾਈ ਹੈ ਕਿ ਵੰਡਿਆਂ ਮੁਕਦੀ ਹੀ ਨਹੀਂ। ਹੁਣ ਭੁਲਣਾ ਨਾ ਮੇਰੀਆਂ (ਗੱਲਾਂ ਬਾਤਾਂ ਨਸੀਹਤਾਂ) ਦਸੀਆਂ ਮਤਾਂ ਨੂੰ, ਚੰਗੀ ਤਰ੍ਹਾਂ ਪੂਰਾ ਕਰੋ, ਕਿਉਂਕਿ ਪਤਾ ਨਹੀਂ ਕਿ ਤੁਸੀਂ ਫਿਰ ਮੁੜ ਕੇ ਇਸ ਬਾਜ਼ਾਰ ਵਲ ਆਓ ਕਿ ਨਾ। ਭਲਾ ਜੇ ਕਾਰਖ਼ਾਨਿਓਂ ਨਿਕਲ ਨਾ ਸਕੇ ਤਾਂ ਭੀ ਉਮੈਦ ਨਹੀਂ ਕਿ ਤੁਸੀਂ ਕਦੇ ਏਸ ਬਾਜ਼ਾਰ ਵਲ ਆ ਸਕੋ। ਕਾਰਖ਼ਾਨੇ ਤਾਂ ਤਦ ਹੀ ਰਹੋਗੇ, ਜੇ ਮੇਰੀ ਸ਼ੁਭ-ਮਤ ਨੂੰ ਨਾ ਮੰਨਿਆ ਅਤੇ ਖ਼ਾਸ ਕਰਕੇ ਅਮੋਲਕ ਖੜਗ ਗਵਾ ਦਿਤੀ। ਇਹ ਤੈਨੂੰ ਰਿੱਛ ਵਾਂਗੂੰ ਭੁਲੇਖੇ ਨਾਲ ਹੀ ਖੜਗ ਭਾਸਦੀ ਹੈ, ਇਸਦਾ ਇਹ ਅਸਲੀ ਸਰੂਪ ਨਹੀ। ਅਸਲ ਵਿਚ ਇਹ ਗਿਆਨ ਰੂਪੀ ਖੜਗ ਗੁਰ ਮੰਤ੍ਰ ਹੈ। ਇਸਦੇ ਨਾਲ ਰਿੱਛ ਮਾਰਿਆ ਕੁਟਿਆ ਜਾ ਸਕਦਾ ਹੈ ਅਤੇ ਵਸ ਹੋ ਸਕਦਾ ਹੈ। ਇਸੇ ਰਿੱਛ ਨੇ ਹੀ ਤੈਨੂੰ ਪੰਜਾਂ ਦੀ ਮਦਦ ਨਾਲ ਇਸ ਪਾਸੇ ਲੈ



bsrstrust.org

ਆਂਦਾ ਹੈ, ਨਹੀਂ ਤਾਂ ਤੈਨੂੰ ਏਥੇ ਆਉਣ ਦੀ ਲੋੜ ਨਹੀਂ ਸੀ। ਹੁਣ ਜਾਓ ਅਤੇ ਆਪਣੇ ਕੰਮਾਂ ਨੂੰ (ਜੋ ਮੈਂ ਦਸੇ ਹਨ) ਜਾ ਕੇ ਛੇਤੀ ਕਰੋ।

ਮੈਂ ਉਠਿਆ ਤੇ ਗੁਰਮੁਖ ਪਰਉਪਕਾਰੀ ਸਜਣ ਨੂੰ ਨਿਮਰਤਾ ਅਧੀਨਗੀ ਸਹਿਤ ਸੀਸ ਨਿਵਾ ਕੇ ਫ਼ਤਹ ਗਜਾਈ। ਉਨ੍ਹਾਂ ਨੇ ਵੀ ਤਸੱਲੀ ਤੇ ਪਿਆਰ ਦੇ ਕੇ ਮੈਨੂੰ ਵਿਦਾ ਕਰਦਿਆਂ ਹੋਇਆਂ ਇਕ ਖਿੜਕੀ ਦਸੀ ਕਿ ਤੁਸਾਡੇ ਜਾਂਦੇ ਸਾਰ ਹੀ ਖੁਲ੍ਹ ਜਾਵੇਗੀ। ਕਿਸੇ ਹੋਰ ਰਸਤੇ ਸੜਕਾਂ ਭਾਲਣ ਦੀ ਲੋੜ ਨਹੀਂ। ਸਿਧੀ ਉਸ ਠਗਣੀ ਦੇ ਅੰਦਰ ਉਸ ਦੇ ਪਾਸ ਪੁਜ ਜਾਵੇਗੀ। ਇਹ ਭੀ ਉਸ ਨੂੰ ਇਕ ਤਸੱਲੀ ਹੋ ਜਾਵੇਗੀ ਕਿ ਤੂੰ ਸੰਤ-ਮੰਡਲੀ ਵਲੋਂ ਹੋ ਕੇ ਆਇਆ ਹੈਂ। ਇਕ ਦੋ ਵਾਰ ਫੇਰ ਮੋਮੋਠਗਣੀਆਂ ਗੱਲਾਂ ਕਰੇਗੀ, ਪਰ ਬਹੁਤਾ ਖਹਿੜੇ ਨਹੀਂ ਪਵੇਗੀ ਅਤੇ ਸ਼ੀਘਰ ਹੀ ਰਿੱਛ ਵਾਪਸ ਕਰ ਦੇਵੇਗੀ। ਸਭ ਕਾਰਖ਼ਾਨੇ ਵਿਚ ਕੰਮ ਕਰਨ ਵਾਲਿਆਂ ਦੇ ਰਿੱਛ ਉਸ ਨੇ ਆਪਣੇ ਅੰਦਰ (ਪੇਟ ਵਿਚ) ਹੀ ਰਖੇ ਹੋਏ ਹਨ। ਪਹਿਲਾਂ ਤਾਂ ਉਮੈਦ ਨਹੀਂ ਕਿ ਉਹ ਤੇਰੇ ਨਾਲ ਧੋਖਾ ਕਰੇ। ਭਲਾ ਜੇ ਤੈਨੂੰ ਸ਼ੱਕ ਪੈ ਜਾਵੇ ਕਿ ਤੇਰੇ ਨਾਲ ਧੋਖਾ ਕਰ ਰਹੀ ਹੈ ਤਾਂ ਤੂੰ ਰਿੱਛ ਨੂੰ ਅਮੁੱਲੀ ਖੜਗ ਦਿਖਾ ਦੇਵੀਂ। ਕੰਨ ਹਿਲਾਉਣ ਬਿਨਾਂ ਹੀ ਉਹ ਆਪੇ ਤੇਰੇ ਨਾਲ ਤੁਰ ਪਏਗਾ। ਇਸ ਦੀ ਪਛਾਣ ਇਹੋ ਹੈ ਕਿ ਜਦ ਤੂੰ ਖੜਗ ਕਢੀ, ਕੇਵਲ ਤੇਰੀਆਂ ਹੀ ਰਿੱਛ ਮਿੰਨਤਾ ਤਰਲੇ ਕਰੇਗਾ ਕਿ ਮੈਨੂੰ ਇਸ ਖੜਗ ਨਾਲ ਨਾ ਮਾਰੋ, ਮੈਂ ਹੁਣ ਤੁਸਾਡੇ ਆਖੇ ਲਗਾਂਗਾ ਅਤੇ ਜੋ ਕਹੋ ਸੋ ਕਰਾਂਗਾ, ਅਗੇ ਨੂੰ ਇਸ ਠਗਣੀ ਦਾ ਕਿਹਾ ਨਹੀਂ ਮੰਨਾਂਗਾ ਤੇ ਨਾ ਹੀ ਮੈਂ ਤੁਹਾਨੂੰ ਧੋਖਾ ਦੇ ਕੇ ਇਸ ਦੇ ਵਸ ਪਵਾਂਗਾ। ਹੋ ਸਕਿਆ ਤਾਂ ਮੈਂ ਤੁਹਾਨੂੰ ਏਥੋਂ ਕਢ ਕੇ ਚਲਾਂਗਾ। ਪਰ ਇਹ ਉਸ ਦੇ ਵਸ ਦੀ ਗੱਲ ਨਹੀਂ। ਇਹ ਪਿਛੋਂ ਦੇਖ ਲੈਣਾ। ਜੇ ਤਾਂ ਵਸ ਆ ਗਿਆ ਤਾਂ ਵਾਹ ਵਾਹ, ਨਹੀਂ ਤਾਂ ਖੜਗ ਨਾਲ ਟੁਕੜੇ ਟੁਕੜੇ ਕਰ ਘਤਣਾ। ਇਹ ਕਹਿ ਕੇ ਗੁਰਮੁਖਿ ਸਜਣ ਤਾਂ ਮਸ਼ਟ (ਚੁਪ) ਹੋ ਗਏ ਅਤੇ ਮੈਨੂੰ ਇਸ਼ਾਰੇ (ਸੈਨਤ) ਨਾਲ ਸਮਝਾ ਦਿਤਾ ਕਿ ਛੇਤੀ ਜਾਓ। ਮੈਂ ਗੁਰਮੁਖਿ ਸਜਣ ਦੀ ਸੈਨਤ ਸਮਝ ਕੇ ਛੇਤੀ ਛੇਤੀ ਵਾਹੋ ਦਾਹੀ ਖਿੜਕੀ ਵਲ ਨੂੰ ਨੱਸਾ। ਓਥੋਂ ਤਕ ਪੁਜਦਿਆਂ ਕੋਈ ਦੇਰ ਨਾ ਲਗੀ। ਇਉਂ ਭਾਸੇ ਕਿ ਕੇਵਲ ਇਕ (ਪੈਰ-ਉਲਾਂਘ) ਕਦਮ ਹੀ ਪੁਟਿਆ ਹੋਊ ਕਿ ਬਾਰੀ ਵਿਚ ਦੀ ਠਗਣੀ ਦੇ ਸਾਹਮਣੇ ਜਾ ਖਲੋਤਾ।



bsrstrust.org

# ਠਗਣੀ ਨਾਲ ਗੱਲ ਬਾਤ-ਠਗਣੀ ਦੇ ਉਲਾਂਭੇ-ਰਿੱਛ ਦੀ ਸਵਾਰੀ ਤੇ ਰਿੱਛ ਦਾ ਕਤਲ

ਠਗਣੀ—ਛੇਤੀ ਹੀ ਮੁੜ ਆਏ ਹੋ, ਅਜੇ ਸਾਰਾ ਕਾਰਖ਼ਾਨਾ ਨਹੀਂ ਡਿਠਾ ਹੋਣਾ।

ਮੈਂ—ਮੈਨੂੰ ਹੁਣ ਕਾਰਖ਼ਾਨਾ ਵੇਖਣ ਦੀ ਲੋੜ ਨਹੀਂ ਰਹੀ।

ਠਗਣੀ—ਕੀ ਤੂੰ ਹੁਣ ਮੇਰਾ ਤੇ ਇਸ ਕਾਰਖ਼ਾਨੇ ਦਾ ਸਰਦਾਰ ਨਹੀਂ ਬਣੇਗਾ ?

ਮੈਂ—ਤੇਰੀ ਤੇ ਤੇਰੇ ਕਾਰਖ਼ਾਨੇ ਦੀ ਮੈਨੂੰ ਹੁਣ ਕੋਈ ਲੋੜ ਨਹੀਂ ਰਹੀ।

ਠਗਣੀ ਕੁਝ ਤਿਉੜੀ ਚੜ੍ਹਾ ਕੇ ਬੁੜ-ਬੁੜਾਉਣ ਲਗੀ, ਜਿਸ ਦੇ ਅਰਥ ਕੁਝ ਕੁਝ ਮੇਰੀ ਸਮਝ ਵਿਚ ਇਸ ਤਰ੍ਹਾਂ ਪਏ—

'ਹੇ ਕਰਤਾਰ! ਤੂੰ ਮੈਨੂੰ ਕਿਉਂ ਪੈਦਾ ਕੀਤਾ ਸੀ, ਜੇ ਇਹ ਕਾਰਖ਼ਾਨਾ ਮੈਨੂੰ ਨਹੀਂ ਚਲਾਉਣ ਦੇਣਾ ਸੀ। ਚੰਗਾ ਹੁੰਦਾ ਜੇ ਮੈਂ ਜੰਮਦੀ ਹੀ ਨਾ। ਇਹ ਸੰਤ ਰੋਜ਼ ਮੈਨੂੰ ਨਕਟੀ, ਕੰਨ-ਕਟੀ ਆਦਿਕ ਦੁਰ-ਸ਼ਬਦ ਕਹਿ ਕਹਿ ਮੇਰੇ ਲਿਆਂਦੇ ਹੋਏ ਮਜ਼ਦੂਰਾਂ ਨੂੰ ਮੇਰੇ ਨਾਲ ਝਗੜਾ ਦਿੰਦੇ ਹਨ। ਨਾਲੇ ਇਨ੍ਹਾਂ ਦੇ ਦਿਲਾਂ ਵਿਚ ਮੇਰੀ ਬਾਬਤ ਪਕਿਆਈ ਕਰ ਦਿੰਦੇ ਹਨ ਕਿ ਇਸ ਦੇ ਧੋਖੇ ਤੋਂ ਬਚੋ। ਫਿਰ ਉਹ ਅਜਿਹੇ ਪੱਕੇ ਹੋ ਕੇ ਮੇਰੇ ਪਾਸ ਆਉਂਦੇ ਹਨ, ਮੇਰੀ ਇਕ ਨਹੀਂ ਸੁਣਦੇ, ਅਗੋਂ ਖੜਗ (ਛੁਰੀ)·ਤੇ ਕਰਾਸ ਆਦਿਕ ਵਿਖਾਲ ਕੇ ਮੈਨੂੰ ਡਰਾਉਂਦੇ ਹਨ। ਇਹ ਸਿਰ-ਸੜੇ ਸੰਤ ਲੋਕ ਪਤਾ ਨਹੀਂ ਮੈਥੋਂ ਕਿਉਂ ਦੁਖੇ ਹੋਏ ਹਨ! ਮੈਂ ਇਨ੍ਹਾਂ ਦਾ ਕਦੇ ਕੁਝ ਨਹੀਂ ਵਿਗਾੜਿਆ। ਹੱਥੀ ਬਧੀ ਸਭ ਸੰਤਾਂ ਦੀ ਸੇਵਾ ਕਰਦੀ ਹਾਂ।

'(ਆਪੇ ਹੀ) ਇਹ ਸੇਵਾ ਤਾਂ ਮੈਂ ਇਸ ਵਾਸਤੇ ਕਰਦੀ ਹਾਂ ਕਿ ਸ਼ਾਇਦ ਮੇਰਾ ਦਾਉ ਲਗ ਜਾਵੇ ਤੇ ਕੋਈ ਧੋਖਾ ਖਾ ਜਾਵੇ। ਕਈਆਂ ਨੂੰ ਮੈਂ ਟੀਸੀਓਂ ਭੁੰਜੇ ਸੁਟਿਆ ਹੈ, ਤਾਹੀਓਂ ਤਾਂ ਸੰਤ ਮੈਨੂੰ ਬੁਰਾ ਭਲਾ ਕਹਿੰਦੇ ਹਨ। ਪਰ ਕੀ ਕਰਾਂ, ਮੇਰਾ ਤਾਂ ਇਹੋ ਹੀ ਕੰਮ ਹੈ, ਜਦ ਮੌਕਾ ਲਗੇ ਛਲ ਕਰਨਾ। ਜੇ ਮੈਂ ਸੰਤਾਂ ਨਾਲ



bsrstrust.org

ਵੀ ਛਲ ਨਾ ਕਰਦੀ ਤਾਂ ਇਹ ਹਥਿਆਰ ਨਾ ਘੜਦੇ ਤੇ ਵਖਰਾ ਬਜ਼ਾਰ ਵੀ ਨਾ ਬਣਾਉਂਦੇ। ਇਸ ਵਿਚ ਉਨ੍ਹਾਂ ਦਾ ਕਸੂਰ ਵੀ ਕੁਝ ਨਹੀਂ। ਉਹ ਵਿਚਾਰੇ ਕਿਹੜੇ ਮੇਰੇ ਮਜ਼ਦੂਰਾਂ ਨੂੰ ਸਦਣ ਆਉਂਦੇ ਹਨ। ਤੇਰੇ ਹੀ ਹੁਕਮ ਨਾਲ ਆਪੇ ਹੀ ਉਸ ਬਜ਼ਾਰ ਵਿਚ ਪੁਜ ਜਾਂਦੇ ਹਨ ਤੇ ਸੰਤ ਮੇਰੇ ਵਾਂਗੂੰ ਆਪਣੇ ਸੁਭਾਉ ਅਨੁਸਾਰ ਮਜ਼ਦੂਰਾਂ ਨੂੰ ਤੇਰਾ ਹੀ ਹੁਕਮ ਸਮਝ ਕੇ ਉਨ੍ਹਾਂ ਦੇ ਕਰਮਾਂ ਅਨੁਸਾਰ ਕੁਝ ਕਹਿ ਸੁਣ ਦਿੰਦੇ ਹਨ। ਅੱਛਾ, ਮੇਰੇ ਭਾਗ ਅਜਿਹੇ ਹੀ ਹਨ। ਮੈਂ ਮਜ਼ਦੂਰ ਕੀ ਕਰਨੇ ਹਨ। ਕਾਰਖ਼ਾਨਾ ਟੁੱਟੇ ਯਾ ਚਲੇ, ਮੈਨੂੰ ਕਿਹੜਾ ਲਾਹਾ ਹੈ। ਜਿਸ ਤਰ੍ਹਾਂ ਤੂੰ (ਕਰਤਾ) ਨਚਾਉਂਦਾ ਹੈਂ, ਨਚਾਂਗੀ। ਬਾਬਾ, ਤੇਰੀਆਂ ਤੂੰ ਹੀ ਜਾਣੇਂ। ਪਤਾ ਨਹੀਂ ਕੀ ਜਾਦੂ ਦੀ ਖੇਡ ਰਚਾ ਰਖੀ ਹੈ, ਕਾਰਖ਼ਾਨਾ ਕਦੇ ਖ਼ਾਲੀ ਹੀ ਨਹੀਂ ਹੁੰਦਾ। ਚੰਗਾ ਹੋਵੇ ਜੇ ਟੁੱਟ ਹੀ ਜਾਏ। ਪਰ ਇਸ ਕਾਰਖ਼ਾਨੇ ਨੂੰ ਅੱਗ ਹੀ ਲਗੇ, ਮੈਨੂੰ ਤਾਂ ਮੁਫ਼ਤ ਦੀ ਬਦਨਾਮੀ ਹੀ ਬਦਨਾਮੀ ਹੈ। ਮੇਰੇ ਕੁਝ ਪਲੇ ਨਹੀਂ ਪੈਂਦਾ ਅਤੇ ਨਾ ਮੈਂ ਮਜ਼ਦੂਰਾਂ ਦੇ ਨਾਲ ਜਾਂਦੀ ਹਾਂ ਤੇ ਨਾ ਸੰਤਾਂ ਨਾਲ ਹੀ। ਮੈਂ ਇਸ ਕਾਰਖ਼ਾਨੇ ਦੀ ਇਕ ਕੈਦਣ ਹਾਂ। ਹੋਰ ਤਾਂ ਹੋਰ ਮੈਂ ਤਾਂ ਸੰਤਾਂ ਦੇ ਬਜ਼ਾਰ ਵਿਚ ਵੀ ਨਹੀਂ ਫੜਕ ਸਕਦੀ। ਤੁਸੀਂ ਉਨ੍ਹਾਂ ਨੂੰ ਅਜਿਹੀ ਸ਼ਕਤੀ ਬਖ਼ਸ਼ੀ ਹੋਈ ਹੈ ਕਿ ਉਨ੍ਹਾਂ ਦੇ ਬੰਦਿਆਂ ਦੇ ਨਚਾਉਣ ਵਾਲੇ ਰਿਛ ਨੂੰ ਨਥ ਕੇ ਵਸ ਹੀ ਕੀਤਾ ਹੋਇਆ ਹੈ। ਸਗੋਂ ਦੂਜਿਆਂ ਨੂੰ ਵੀ ਅਜਿਹੀ ਮਤ ਦੇ ਕੇ ਪੱਕੇ ਕਰ ਦਿੰਦੇ ਹਨ ਕਿ ਉਹ ਮੇਰਾ ਭਰੋਸਾ ਨਹੀਂ ਕਰਦੇ।"

ਮੇਰੇ ਵਲ ਗਹੁ ਨਾਲ ਤੱਕ ਕੇ ਤੇ ਜ਼ਰਾ ਸ਼ਾਂਤੀ ਕੋਮਲਤਾ ਤੇ ਮਿਠਾਸ ਭਰੀ ਤਰਜ਼ ਨਾਲ ਕਹਿਣ ਲੱਗੀ, "ਮੈਨੂੰ ਪਤਾ ਲਗ ਗਿਆ ਹੈ ਕਿ ਤੁਸਾਨੂੰ ਕਿਸੇ ਸਾਧ ਸੰਤ ਨੇ ਮੇਰੇ ਵਿਰੁਧ ਕੁਝ ਕਿਹਾ ਸੁਣਿਆ ਹੈ ਤੇ ਤੁਸੀਂ ਭੁਲ ਕੇ ਦੂਜੀ ਸੜਕ ਪੈ ਗਏ ਸੀ। ਇਹ ਆਪ ਤਾਂ ਕਦੇ ਕੰਮ ਕਰਦੇ ਹੀ ਨਹੀਂ। ਮੈਂ ਇਸ ਵਾਸਤੇ ਇਨ੍ਹਾਂ ਦਾ ਬਜ਼ਾਰ ਵਖਰਾ ਹੀ ਕਰਾ ਛਡਿਆ ਹੈ ਕਿ ਇਨ੍ਹਾਂ ਨੂੰ ਤਾਂ ਕਿਸੇ ਸੁਖ ਦੁਖ ਦੀ ਇਛਾ ਹੀ ਨਹੀਂ, ਵਾਧੂ ਲੋਕਾਂ ਨੂੰ ਵੀ ਵਿਗਾੜਨਗੇ। ਇਨ੍ਹਾਂ ਦੀ ਇਕ ਭੀ ਸੁਣੋਂਗੇ ਤਾਂ ਸੁਖ ਨਾ ਪਾਓਗੇ। ਜੇ ਅਜੇ ਮੇਰੀ ਸਲਾਹ ਮੰਨੋ ਤਾਂ ਮੈਂ ਤੁਹਾਨੂੰ ਕਾਰਖ਼ਾਨੇ ਦਾ ਮਾਲਕ ਬਣਾ ਦੇਵਾਂਗੀ। ਉਨ੍ਹਾਂ ਵਾਂਗੂੰ ਹੀ ਕੰਮ ਕਾਜ ਹੱਥੀਂ ਕੁਝ ਨਾ ਕਰੋ, ਜੋ ਜੀ ਚਾਹੇ ਖਾਓ, ਪੀਓ, ਪਹਿਨੋ, ਮੇਰੇ ਘਰ ਵਿਚ ਕੋਈ ਘਾਟਾ ਨਹੀਂ। ਤੁਹਾਡਾ ਰਿਛ ਮੈਂ ਕੈਦ ਕਰ ਛਡਿਆ ਹੈ। ਅਗੇ ਨੂੰ ਕੋਈ ਦੁਖ ਨਹੀਂ ਦੇ ਸਕਦਾ। ਮੇਰੀ ਆਗਿਆ ਬਿਨਾਂ



bsrstrust.org

ਕੈਦਖ਼ਾਨੇ ਵਿਚੋਂ ਨਹੀਂ ਨਿਕਲ ਸਕਦਾ। ਜੋ ਤੁਸੀਂ ਮੂੰਹੋਂ ਮੰਗੋ ਦਵਾਂਗੀ, ਮੋਟਰਕਾਰਾਂ, ਹਵਾਈ ਜਹਾਜ਼, ਤੋਪਾਂ, ਮਸ਼ੀਨ-ਗੰਨਾਂ ਬਣਾਉਣ ਵਾਲੇ ਸਭ ਮੇਰੇ ਕਾਮੇ ਹਨ। ਸਿਰਫ਼ ਇਹ ਸੰਤ-ਟੋਲਾ ਹੀ ਮੇਰੇ ਅਧੀਨ ਨਹੀਂ। ਬਾਕੀ ਹਰ ਪ੍ਰਕਾਰ ਦੇ ਜੀਅ ਜੰਤ ਮੇਰੇ ਹੀ ਕਾਰਖ਼ਾਨੇ ਵਿਚ ਕੰਮ ਕਰਦੇ ਹਨ। ਕੋਈ ਇਸ ਕਾਰਖ਼ਾਨੇ ਤੋਂ ਬਾਹਰ ਨਹੀਂ ਨਿਕਲ ਸਕਦਾ। ਬੜਾ ਖੁਲ੍ਹਾ ਮੈਦਾਨ ਹੈ। ਇਸ ਵਿਚ ਕਈ ਟਾਪੂ ਸਮੁੰਦਰ ਮਹਾਂਦੀਪ ਹਨ, ਜਿਨ੍ਹਾਂ ਵਿਚ ਬੇਅੰਤ ਕਰੋੜਾਂ ਹੀ ਭਲੇ ਤੋਂ ਭਲੇ ਧਨਾਢ ਵਸਦੇ ਹਨ, ਜਿਸ ਤਰ੍ਹਾਂ ਦਾ ਚਾਹੋ ਤੁਹਾਨੂੰ ਬਣਾ ਸਕਦੀ ਹਾਂ, ਜੋ ਮੰਗੋ ਦੇ ਸਕਦੀ ਹਾਂ। ਮੰਗ ਕੀ ਮੰਗਦਾ ਹੈਂ ?"

ਮੈਂ—ਮੇਰਾ ਰਿਛ ਮੈਨੂੰ ਦੇ ਦੇ। ਹਾਲੇ ਤਾਂ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।

ਠਗਣੀ—ਅਜੇ ਵੀ ਕੁਝ ਨਹੀਂ ਵਿਗੜਿਆ। ਇਸ ਨੂੰ ਮੇਰੇ ਪਾਸ ਕੈਦ ਰਹਿਣ ਦੇ। ਅਗੇ ਮੈਂ ਤੈਨੂੰ ਇਸ ਤੋਂ ਮਸਾਂ ਬਚਾਇਆ ਸੀ। ਇਹ ਤੇਰੇ ਨਾਲੋਂ ਜ਼ਬਰਦਸਤ ਹੈ। ਤੈਨੂੰ ਜੇ ਜਾਨੋਂ ਨਾ ਮਾਰੇਗਾ ਤਾਂ ਦੁਖੀ ਤਾਂ ਬਹੁਤ ਕਰੇਗਾ। ਨਾਲੇ ਮੇਰੇ ਪਾਸ ਸਭ ਵਸਤਾਂ ਹਨ। ਸਾਧਾਂ ਪਾਸ ਕੁਝ ਵੀ ਨਹੀਂ। ਇਕ ਇਕ ਢੇਰੀ ਜੜਾਊ ਚੂੜੀਆਂ, ਖੜਗਾਂ ਆਦਿਕ ਦੀ ਹੀ ਹੈ। ਉਹ ਵੀ ਜੋ ਉਹ ਹਰ ਇਕ ਜੀਅ ਪ੍ਰਤੀ ਮਰਦ ਔਰਤ ਬੱਚੇ ਬੱਚੀ ਨੂੰ ਦੇਣ ਲੱਗਣ ਤਾਂ ਅਧੇ ਮਿੰਟ ਵਿਚ ਖ਼ਤਮ ਕਰ ਬੈਠਣ। ਓਥੇ ਜਾ ਕੇ ਵਾਧੂ ਭੁਖਾ ਮਰੇਂਗਾ। ਫੇਰ ਕਦੇ ਇਸ ਕਾਰਖ਼ਾਨੇ ਵਿਚ ਨਹੀਂ ਵੜ ਸਕੇਂਗਾ। ਘਟੋ ਘਟ ਥੋੜਾ ਚਿਰ ਤਾਂ ਅਟਕ ਤੇ ਮੇਰੇ ਕਾਰਖ਼ਾਨੇ ਨੂੰ ਫਿਰ ਤੁਰ ਕੇ ਵੇਖ ਤਾਂ ਲੈ। ਜੇ ਨਾ ਪਸੰਦ ਆਵੇ ਤਾਂ ਚਲਿਆ ਜਾਈ। ਮੈਂ ਤੇਰਾ ਰਿਛ ਤੈਨੂੰ ਦੇ ਤਾਂ ਦੇਵਾਂਗੀ ਪਰ ਮੈਨੂੰ ਉਮੈਦ ਨਹੀਂ ਕਿ ਤੂੰ ਉਸ ਨੂੰ ਪਛਾਣ ਸਕੇਂ, ਕਿਉਂਕਿ ਜਦੋਂ ਦਾ ਤੈਨੂੰ ਇਹ ਮਿਲਿਆ ਹੈ ਤੇਰੇ ਨਾਲ ਲੜਦਾ ਹੀ ਰਿਹਾ ਹੈ, ਤੂੰ ਤਾਂ ਇਸ ਨੂੰ ਗਹੁ ਨਾਲ ਡਿਠਾ ਹੀ ਨਹੀਂ ਹੋਣਾ।

ਮੈਂ—ਚੰਗਾ, ਤੂੰ ਮੈਨੂੰ ਵਿਖਾ ਤਾਂ ਸਹੀ ਕਿ ਮੇਰਾ ਰਿਛ ਕਿਥੇ ਕੈਦ ਹੈ ?

ਠਗਣੀ (ਮੂੰਹ ਖੋਲ੍ਹ ਕੇ) ਲੈ ਵੇਖ ਲੈ ਰਿਛਾਂ ਦਾ ਜੇਲ੍ਹਖਾਣਾ, ਤੇ ਆਪਣੇ ਰਿਛ ਨੂੰ ਪਛਾਣ ਕੇ ਕਢ ਲੈ।

ਜਦ ਮੈਂ ਅੰਦਰ ਝਾਤੀ ਮਾਰੀ ਤਾਂ ਕਰੋੜਾਂ ਹੀ ਰਿਛ ਵਖੋ ਵਖ ਕੋਠੜੀਆਂ ਵਿਚ ਬੰਦ ਦਿਸਣ, ਪਰ ਕੋਈ ਰਿਛ ਵੀ ਇਕ-ਸਾਰ ਖੜਾ ਨਾ ਦਿਸੇ। ਨਿਮਖ ਭਰ



bsrstrust.org

ਵਿਚ ਹਜ਼ਾਰਾਂ ਕਰੋੜਾਂ ਹੀ ਲੋਪ ਹੋ ਜਾਣ, ਫੇਰ ਦਿਸਣ, ਕਦੇ ਕੋਈ ਕਦੇ ਕੋਈ ਆਵੇ ਜਾਵੇ, ਉਹਨਾਂ ਨੂੰ ਜੰਗਲੇ, ਕੰਧਾਂ, ਜਿੰਦਰੇ ਕੁਝ ਰੁਕਾਵਟ ਨਾ ਕਰਨ, ਮੈਂ ਹੈਰਾਨ ਹੋ ਗਿਆ। ਮੈਨੂੰ ਕੋਈ ਪਤਾ ਨਾ ਲਗੇ ਕਿ ਮੇਰਾ ਰਿਛ ਕਿਹੜਾ ਅਤੇ ਕਿਥੇ ਹੈ ? ਐਨਿਆਂ ਰਿਛਾਂ ਦੇ ਵਾਸਤੇ ਇਕ ਇਕ ਨੂੰ ਇਕ ਇਕ ਕੋਠੜੀ ਦਿਤੀ ਹੋਈ ਸੀ। ਜੇ ਇਹਦੇ ਵਿਸਥਾਰ ਵਲ ਤਕੀਏ ਤਾਂ ਸਾਧਾਰਨ ਮਨੁੱਖਾਂ ਦੀ ਦ੍ਰਿਸ਼ਟੀ ਕੰਮ ਨਾ ਕਰ ਸਕੇ। ਇਉਂ ਜਾਪੇ ਕਿ ਮੈਂ ਹਰ ਇਕ ਕੋਠੜੀ ਅਗੇ ਖੜਾ ਹਾਂ ਅਤੇ ਹਰ ਇਕ ਰਿੱਛ ਵਿਖਾਈ ਦਿੰਦਾ ਹੈ।

ਜਦ ਮੈਨੂੰ ਹੈਰਾਨ ਡਿਠਾ ਤਾਂ ਠਗਣੀ ਦੀ ਚੜ੍ਹ ਮਚੀ ਤੇ ਮੈਨੂੰ ਆਖਣ ਲਗੀ, ਕਿਉਂ ਡਿਠਾ ਈ ? ਮੇਰਾ ਤਮਾਸ਼ਾ! ਦਸ ਤੂੰ ਕਿਹੜਾ ਰਿੱਛ ਮੰਗਦਾ ਹੈਂ ? ਜੇ ਹੁਣ ਤੈਨੂੰ ਤੇਰਾ ਰਿੱਛ ਹੀ ਨਾ ਲਭਾ ਤਾਂ ਮੇਰਾ ਇਸ ਵਿਚ ਕੋਈ ਦੋਸ਼ ਨਹੀਂ। ਮੈਂ ਵੀ ਤਾਂ ਕਿਤੇ ਭੁਲ ਕੇ ਦੂਜੇ ਰਿੱਛ ਨਾ ਤੈਨੂੰ ਦੇ ਦੇਵਾਂ ਅਤੇ ਅਪਰਾਧੀ ਬਣਾਂ।

ਮੈਂ—ਸੋਚੀਂ ਪੈ ਕੇ ਜ਼ਰਾ ਕੁ ਸੁਸਤਾ ਕੇ, ਚੰਗੀ ਤਰ੍ਹਾਂ ਗੁਰਮੁਖਿ ਸੰਤਾਂ ਦੇ ਬਚਨ ਯਾਦ ਕੀਤੇ ਅਤੇ ਝਟ ਅਮੁਲੀ ਖੜਗ ਕੱਢ ਲਈ। ਖੜਗ ਕਢਣ ਦੀ ਦੇਰ ਹੀ ਸੀ ਕਿ ਇਕ ਰਿੱਛ ਤਰਲੇ ਮਿੰਨਤਾਂ ਕੱਢਣ ਲਗਾ ਕਿ ਮੈਨੂੰ ਨਾ ਮਾਰੋ, ਅਗੇ ਨੂੰ ਮੈਂ ਤੇਰਾ ਕਹਿਣਾ ਮੰਨਾਂਗਾ। ਠਗਣੀ ਦੇ ਬਿਨਾਂ ਪੁਛੇ ਹੀ ਮੇਰੇ ਪਾਸ ਆ ਖਲੋਤਾ। ਠਗਣੀ ਵੀ ਸਮਝ ਗਈ ਅਤੇ ਕਹਿਣ ਲਗੀ, ਚੰਗਾ ਤੁਸੀਂ ਇਸ ਨੂੰ ਲੈ ਜਾਓ, ਪਰ ਹੁਣ ਤੁਸਾਡੇ ਕਿਸੇ ਕੰਮ ਦਾ ਨਹੀਂ ਰਿਹਾ। ਹਾਂ, ਇਹ ਵੀ ਮੈਂ ਕਹਿ ਸਕਦੀ ਹਾਂ ਕਿ ਇਹ ਹੁਣ ਤੁਸਾਨੂੰ ਕੋਈ ਦੁਖ ਨਹੀਂ ਦੇ ਸਕਦਾ। ਹੁਣ ਤੂੰ ਇਸ ਨੂੰ ਛਡ ਦੇਵੀਂ, ਵੱਢੀਂ ਟੁਕੀਂ ਨਾ, ਐਵੇਂ ਗਰੀਬ ਮਾਰ ਨਾ ਕਰੀਂ।

ਮੈਂ—(ਉਤਲੇ ਮਨੋਂ) ਚੰਗਾ, ਜਿਸ ਤਰ੍ਹਾਂ ਤੂੰ ਕਹਿੰਦੀ ਹੈ ਮੰਨਾਂਗਾ, ਪਰ ਜੇ ਇਸ ਨੇ ਮੈਨੂੰ ਕਾਰਖ਼ਾਨਿਓਂ ਬਾਹਰ ਨਾ ਕੱਢਿਆ ਤਾਂ ਅਵੱਸ਼ੋਂ ਇਸ ਨੂੰ ਮਾਰਨਾ ਪਵੇਗਾ।

ਠਗਣੀ—ਇਸ ਕਾਰਖ਼ਾਨੇ ਵਿਚੋਂ ਕੱਢਣਾ ਇਸ ਦੇ ਵਸ ਵਿਚ ਤਾਂ ਨਹੀਂ, ਹਾਂ ਇਸ ਦਾ ਸੁਭਾਉ ਹੈ ਹਰ ਇਕ ਨੂੰ ਧੋਖਾ ਦੇ ਕੇ ਇਸ ਕਾਰਖ਼ਾਨੇ ਵਿਚ ਫ਼ਸਾਉਣਾ।

ਮੈਂ—ਫੇਰ ਜੇ ਇਸ ਨੇ ਮੇਰੇ ਨਾਲ ਠਗੀ ਕੀਤੀ ਜਾਂ ਮੇਰਾ ਕਹਿਆ ਨਾ



bsrstrust.org

ਮੰਨਿਆ ਤਾਂ ਮੈਂ ਇਸ ਨੂੰ ਜ਼ਰੂਰ ਮਾਰੂੰਗਾ। ਜੇ ਮੇਰੇ ਕਹੇ ਚਲੇਗਾ ਤਾਂ ਮੈਂ ਇਸ ਨੂੰ ਕਾਹਨੂੰ ਮਾਰਨੈ, ਪਿਆ ਮੌਜਾਂ ਮਾਣੇਂ। ਪਰ ਜੇ ਇਸ ਦਾ ਸੁਭਾਉ ਹੀ ਇਹੋ ਹੈ, ਫੇਰ ਤਾਂ ਮੈਨੂੰ ਵੀ ਇਸ ਦੇ ਮਾਰਨ ਦਾ ਉਪਰਾਲਾ ਕਰਨਾ ਹੀ ਪਵੇਗਾ।

ਠਗਣੀ—ਨਹੀਂ, ਹੁਣ ਇਹ ਉਮੈਦ ਤਾਂ ਨਹੀਂ ਕਿ ਤੈਨੂੰ ਧੋਖਾ ਦੇਵੇਗਾ, ਹਾਂ ਆਪਣਾ ਦਾਉ ਸਭ ਕੋਈ ਲਾਉਂਦਾ ਹੈ। ਇਸ ਦੇ ਮਾਰਨ ਵਿਚ ਤੁਹਾਨੂੰ ਕੋਈ ਲਾਭ ਨਹੀਂ ਪੁਜੇਗਾ। ਤੁਸੀਂ ਇਹ ਸਮਝਦੇ ਹੋ ਕਿ ਇਸ ਦੇ ਮਾਰਨ ਨਾਲ ਤੁਸੀਂ ਕਾਰਖ਼ਾਨਿਓਂ ਨਿਕਲ ਜਾਓਗੇ। ਹੋਰ ਕਿਸੇ ਰਸਤੇ ਤੁਸੀਂ ਬਾਹਰ ਨਹੀਂ ਜਾ ਸਕਦੇ, ਕੇਵਲ ਇਕ ਦਰਵਾਜ਼ਾ ਮੁਕਤੀ ਨਾਮੀ ਇਸ ਕਾਰਖ਼ਾਨਿਓਂ ਬਾਹਰ ਨੂੰ ਜਾਂਦਾ ਹੈ। ਜਿੰਨਾ ਚਿਰ ਇਹ ਤੁਸਾਡੇ ਸੰਗ ਸਾਥ ਰਹੇਗਾ ਅਤੇ ਪੂਰਾ ਵਸ ਵਿਚ ਨਾ ਹੋ ਸਕੇਗਾ ਤਾਂ ਤੁਸੀਂ ਕਦਾਚਿਤ ਉਸ ਰਸਤੇ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਐਥੋਂ ਭਜ ਨੱਸ ਕੇ ਨਹੀਂ ਜਾ ਸਕਦੇ। ਇਸ ਕਾਰਖ਼ਾਨੇ ਵਿਚੋਂ ਹਵਾ ਤਕ ਬਾਹਰ ਨਿਕਲਣ ਨੂੰ ਰਾਹ ਨਹੀਂ। ਆਸਮਾਨ ਦਿਖਾਈ ਦਿੰਦਾ ਹੈ। ਸਾਰਾ ਪੁਲਾੜ ਹੀ ਪੁਲਾੜ ਜਾਪਦਾ ਹੈ, ਪਰ ਪ੍ਰਬੰਧ ਅਜਿਹਾ ਜਾਲਾਂ ਦੁਆਰਾ ਕੀਤਾ ਗਿਆ ਹੈ ਕਿ ਮਨ ਅਤੇ ਏਸ ਦੇ ਹੋਰ ਸਾਥੀ, 'ਰੂਹਾਂ' ਨੂੰ ਘੇਰ ਘੇਰ ਲੈ ਤਾਂ ਆ ਸਕਦੇ ਹਨ ਪਰ ਲਿਜਾ ਨਹੀਂ ਸਕਦੇ। ਰਿੱਛ ਕੇਵਲ ਇਕ ਦਰਵਾਜ਼ਿਓਂ ਅੰਦਰ ਆਉਂਦਾ ਜਾਂਦਾ ਹੈ ਅਤੇ ਉਸ ਰਸਤੇ ਉਤੇ ਮੇਰਾ ਇਕ ਦਫ਼ਤਰ ਹੈ, ਦੂਜੇ ਰਸਤੇ ਵੀ ਹੁਸ਼ਿਆਰ ਪਹਿਰੇਦਾਰ ਲਗੇ ਹੋਏ ਹਨ। ਉਸ ਫਾਟਕ ਤੋਂ ਪਹਿਲਾਂ ਕਈ ਥਾਈ ਪਾਸ ਲੈਣਾ ਪੈਂਦਾ ਹੈ ਅਤੇ ਨਾਮ ਪਤਾ ਵੀ ਦਰਜ ਕਰਾਇਆ ਜਾਂਦਾ ਹੈ ਤਾਂ ਕਿਤੇ ਜਾ ਕੇ ਕੋਈ ਰੂਹ, ਜੋ ਬਹੁਤੀ ਹੀ ਸੂਖਮ ਵਸਤੂ ਹੈ ਅਤੇ ਆਮ ਦੁਨਿਆਵੀ ਅੱਖਾਂ ਦੀ ਦ੍ਰਿਸ਼ਟੀ ਨਾਲ ਦਿਖਾਈ ਨਹੀਂ ਦਿੰਦੀ, ਉਥੋਂ ਦੀ ਜਾ ਸਕਦੀ ਹੈ। ਜੇ ਉਹ ਵੀ ਚੋਰੀ ਜਾਣਾ ਚਾਹੇ ਤਾਂ ਨਹੀਂ ਨਿਕਲ ਸਕਦੀ।

ਮੈਂ—ਤਾਂ ਫੇਰ ਅਜਿਹੇ ਸਾਥੀ ਦੀ ਮੈਨੂੰ ਕੀ ਲੋੜ ਹੈ ? ਕਿਉਂਕਿ ਇਸ ਨੇ ਤਾਂ ਆਪਣੇ ਸੁਭਾਉ ਤੋਂ ਟਲਣਾ ਹੀ ਨਹੀਂ, ਜਦੋਂ ਮੌਕਾ ਲਗਾ ਇਸ ਨੇ ਦਾਓ ਲਾ ਹੀ ਲੈਣਾ ਹੈ। ਇਸ ਦਾ ਫਸਤਾ ਹੁਣੇ ਕਿਉਂ ਨਾ ਵੱਢ ਦੇਵਾਂ ?

ਠਗਣੀ—ਜਦ ਇਹ ਤੈਨੂੰ ਮਾਰ ਤਾਂ ਸਕਦਾ ਹੀ ਨਹੀਂ ਤਾਂ ਇਸ ਨੂੰ ਮਾਰਨ ਦਾ ਕੀ ਲਾਭ ?



bsrstrust.org

ਮੈਂ—ਇਸ ਦਾ ਮਾਰਨਾ ਵੀ ਕੀ ਹੈ ? ਇਸ ਦਾ ਵਜੂਦ ਤਾਂ ਕੋਈ ਹੈ ਹੀ ਨਹੀਂ। ਇਸ ਨੂੰ ਕਿਹੜੀ ਪੀੜ ਹੋਣ ਲਗੀ ਹੈ ਅਤੇ ਜਿਸ ਦੀ ਹਸਤੀ ਹੀ ਨਹੀਂ, ਉਸ ਦੀਆਂ ਲੱਤਾਂ ਬਾਹਾਂ ਭੀ ਤਾਂ ਨਾ ਹੋਈਆਂ।

ਠਗਣੀ—ਅਜੇ ਹੁਣੇ ਤਾਂ ਤੂੰ ਇਸ ਤੋਂ ਤੰਗ ਆਇਆ ਹੋਇਆ ਸੀ ਅਤੇ ਮੈਂ ਤਰਸ ਕਰਕੇ ਇਸ ਤੋਂ ਤੈਨੂੰ ਛੁਡਾ ਦਿਤਾ ਸੀ, ਹੁਣ ਤੂੰ ਇਸ ਦੇ ਹਥ ਪੈਰ ਹੀ ਨਹੀਂ ਮੰਨਦਾ, ਤਾਂ ਮਾਰੇਂਗਾ ਕਿਸ ਤਰ੍ਹਾਂ ਅਤੇ ਕਿਸ ਨੂੰ ?

ਮੈਂ—ਮੈਨੂੰ ਤੇਰੀਆਂ ਫੜੀਆਂ ਫ਼ਲਾਸਫ਼ੀਆਂ ਦੇ ਉਤਰ ਨਹੀਂ ਆਉਂਦੇ, ਸਿਰਫ਼ ਇਕੋ ਤਰੀਕਾ ਜਾਣਦਾ ਹਾਂ, ਉਹ ਇਹੋ ਹੈ ਕਿ ਜਾਂ ਤਾਂ ਇਹ ਮੇਰੇ ਵਸ ਹੋ ਜਾਵੇ, ਜੋ ਤੂੰ ਖ਼ੁਦ ਕਹਿ ਚੁਕੀ ਹੈਂ ਕਿ ਹੁਣ ਤੇਰੀ ਸੰਗਤ ਕਰ ਕੇ ਮੇਰੇ ਕੰਮ ਦਾ ਨਹੀਂ ਰਿਹਾ। ਜੇ ਏਸ ਦੇ ਹੱਥ ਪੈਰ ਨਹੀਂ ਅਤੇ ਇਸ ਨੂੰ ਦੁਖ ਸੁਖ ਨਹੀਂ ਪਹੁੰਚਦਾ ਤਾਂ ਤੂੰ ਮੈਨੂੰ ਕਿਉਂ ਕਹਿੰਦੀ ਹੈਂ ਕਿ ਇਸ ਨੂੰ ਮਾਰ ਨਾ। ਬਾਕੀ ਰਿਹਾ ਇਸ ਨੂੰ ਕਿਸ ਤਰ੍ਹਾਂ ਮਾਰੇਂਗਾ, ਇਸ ਦਾ ਉਤਰ ਨੇੜੇ ਹੀ ਹੈ, ਉਹ ਇਹ ਹੈ ਕਿ ਮੈਂ ਮਾਰਾਂਗਾ ਅਤੇ ਸਤਿਗੁਰੂ ਨਾਨਕ ਦੇਵ ਜੀ ਦੀ ਬਖ਼ਸ਼ੀ ਹੋਈ ਅਮੁਲੀ ਖੜਗ ਆਪੇ ਹੀ ਇਸ ਦਾ ਫ਼ੈਸਲਾ ਕਰ ਦੇਵੇਗੀ, ਜਿਸ ਤੋਂ ਡਰਦਾ ਹੁਣ ਤੇਰੇ ਸਾਹਮਣੇ ਇਹ ਮਿੰਨਤਾਂ ਕਰਦਾ ਪਿਆ ਹੈ।

ਠਗਣੀ—ਮੈਂ ਤਾਂ ਅਗੇ ਹੀ ਤੈਨੂੰ ਦੱਸਣਾ ਚੁਕੀ ਹਾਂ ਕਿ ਇਹ ਨੰਗ-ਮਲੰਗਾਂ ਦਾ ਟੋਲਾ ਜਿਸ ਦੇ ਕੰਨੀਂ ਫੂਕ ਮਾਰ ਦਿੰਦਾ ਹੈ, ਉਹ ਘਰ ਕਦੇ ਨਹੀਂ ਵਸਦਾ, ਕੀ ਮਰਦ ਕੀ ਬੱਚੇ ਬੱਚੀਆਂ, ਗਭਰੂ ਮੁਟਿਆਰਾਂ, ਜਿਸ ਦੇ ਸਿਰ ਇਹ ਹੱਥ ਧਰ ਦਿੰਦੇ ਹਨ ਮੇਰੇ ਕੰਮੋਂ ਗਏ। ਕੰਮੋਂ ਹੀ ਨਹੀਂ ਗਏ, ਸਗੋਂ ਮੇਰੀ ਜਾਨ ਡਰਦਿਆਂ ਮਾਰਿਆਂ ਸੁਕੀ ਹੀ ਰਹਿੰਦੀ ਹੈ। ਜਾਹ ਬਾਬਾ, ਜਿਵੇਂ ਤੇਰੀ ਖ਼ੁਸ਼ੀ ਕਰ। ਮੇਰਾ ਤੇਰੇ ਨਾਲ ਅਜ ਤੋਂ ਲੈ ਕੇ ਕੋਈ ਸੰਬੰਧ ਨਹੀਂ ਰਿਹਾ।

ਮੈਂ—ਤੂੰ ਤਾਂ ਮੈਨੂੰ ਕਹਿੰਦੀ ਸੀ ਕਿ ਮੈਂ ਤੇਰੇ ਨਾਲ ਸ਼ਾਦੀ ਕਰ ਲਵਾਂਗੀ ਅਤੇ ਤੈਨੂੰ ਕਾਰਖ਼ਾਨੇ ਦਾ ਸਰਦਾਰ ਬਣਾ ਦੇਵਾਂਗੀ ?

ਠਗਣੀ—ਹਾਂ ਮੈਂ ਕਹਿੰਦੀ ਤਾਂ ਸੀ, ਪਰ ਤੂੰ ਇਸ ਦਾ ਅਰਥ ਉਲਟਾ ਸਮਝਿਆ ਹੈ। ਮੈਂ ਨਖਸਮੀ ਤਾਂ ਨਹੀਂ ਜੋ ਮੈਨੂੰ ਤੇਰੇ ਜਿਹਾ ਕੋਈ ਹੁਣ ਤਾਈਂ ਲਭਾ ਨਹੀਂ, ਮੇਰੇ ਹਥ ਵਿਚ ਦੀ ਕਰੋੜਾਂ ਹੀ ਰੋਜ਼ ਤੇਰੇ ਵਾਂਗੂੰ ਆਉਂਦੇ ਜਾਂਦੇ ਹਨ,



bsrstrust.org

ਉਹਨਾਂ ਨੂੰ ਅਕਾਲੀ ਹੁਕਮ ਅੰਦਰ ਲੋੜ ਅਨੁਸਾਰ ਵਸਤਾਂ ਦੇ ਸਕਦੀ ਹਾਂ, ਪਰ ਮੇਰਾ ਇਤਨਾ ਅਧਿਕਾਰ ਨਹੀਂ ਕਿ ਮੈਂ ਤੈਨੂੰ ਮੁਕਤੀ ਦਿਵਾ ਸਕਾਂ। ਇਸ ਦੀ ਕੁੰਜੀ ਤਾਂ ਸਤਿਗੁਰੂ ਅਤੇ ਸੰਗਤਾਂ ਦੇ ਅਖ਼ਤਿਆਰ ਹੈ, ਜਿਸ ਨੂੰ ਚਾਹੁਣ ਬਖਸ਼ ਦੇਣ।

ਮੈਂ—ਫੇਰ ਤੇਰੇ ਹਥ ਵਿਚ ਕੀ ਸੁਆਹ ਹੈ ? ਕੇਵਲ ਕੋਲਿਆਂ ਦੀ ਦਲਾਲੀ ਹੀ ਰਖਦੀ ਹੈਂ ਨਾ। ਅੰਤ ਤੇਰੇ ਕਹੇ ਲਗਣ ਵਾਲਿਆਂ ਦਾ ਮੂੰਹ ਕਾਲਾ ਹੀ ਹੋਵੇਗਾ।

ਠਗਣੀ—ਇਹ ਤਾਂ ਤੂੰ ਸਾਧਾਂ ਦਾ ਸਿਖਾਇਆ ਹੋਇਆ ਹੀ ਆਖਦਾ ਹੈਂ, ਮੇਰੇ ਕਾਰਖ਼ਾਨੇ ਵਿਚ ਵੜ ਕੇ ਤਾਂ ਵੇਖ ਕਿ ਸਭ ਜੀਅ ਜੰਤ ਕਿਸ ਤਰ੍ਹਾਂ ਮੇਰੇ ਮਗਰ ਭਜੇ ਫਿਰਦੇ ਹਨ, ਮੈਨੂੰ ਜਾਨ ਤੋਂ ਪਿਆਰੀ ਸਮਝਦੇ ਹਨ, ਕੌਡੀ ਹਥੋਂ ਚਲੀ ਜਾਵੇ ਤਾਂ ਚੇਹਰਾ ਉਦਾਸ ਕਰ ਬੈਠਦੇ ਹਨ। ਕਈ ਤਾਂ ਹਾਵੇ ਨਾਲ ਮਰ ਹੀ ਜਾਂਦੇ ਹਨ, ਦੇਹ ਨੂੰ ਛਡ ਦਿੰਦੇ ਹਨ, ਫੇਰ ਏਸੇ ਕਾਰਖ਼ਾਨੇ ਵਿਚੋਂ ਜੁਗਾਂ ਜੁਗੰਤਰ ਨਿਕਲਣ ਦਾ ਨਾਮ ਹੀ ਨਹੀਂ ਲੈਂਦੇ। ਜਿਹੜੇ ਨਿਕਲਣਾ ਵੀ ਚਾਹੁੰਦੇ ਹਨ ਉਹਨਾਂ ਨੂੰ ਮੈਂ ਉਹਨਾਂ ਦੇ ਰਿੱਛਾਂ ਅਤੇ ਪੰਜਾਂ ਕਾਮਿਆਂ ਦੁਆਰਾ ਘੇਰ ਕੇ ਬਾਹਰੋਂ ਵਾਪਸ ਮੰਗਾ ਲੈਂਦੀ ਹਾਂ, ਜਿਸ ਤਰ੍ਹਾਂ ਉਹ ਖ਼ੁਸ਼ੀ ਨਾਲ ਰਹਿਣਾ ਚਾਹੁਣ ਬੜਾ ਲਾਲਚ ਦੇ ਕੇ ਆਹਰੇ ਲਾ ਛਡਦੀ ਹਾਂ, ਪਰ ਜਿਹੜੇ ਭੁਲੇ ਚੁਕੇ ਅਤੇ ਭੁਖੇ ਪਿਆਸੇ ਸੰਤਾਂ ਦੇ ਬਜ਼ਾਰ ਜਾ ਵੜਦੇ ਹਨ, ਪਤਾ ਨਹੀਂ ਉਹ ਕੀ ਲਾਲਚ ਦਿੰਦੇ ਹਨ, ਮੁੜ ਮੇਰੇ ਕੰਮ ਦੇ ਨਹੀਂ ਰਹਿੰਦੇ। ਚੰਗਾ ਤੁਸੀਂ ਵੀ ਜਾਓ, ਪਰ ਹੋਰ ਮਜ਼ਦੂਰਾਂ ਨੂੰ ਨਾ ਵਿਗਾੜਨਾ। ਇਸ ਵਾਸਤੇ ਕਿਰਪਾ ਕਰਕੇ ਮੇਰੇ ਕਾਰਖ਼ਾਨੇ ਨਾ ਵੜਿਓ। ਬਾਹਰ ਬਾਹਰ ਹੀ ਰਹੋ, ਬਾਹਰੋ ਬਾਹਰ ਹੀ ਇਸ ਰਿੱਛ ਨਾਲ ਫ਼ੈਸਲਾ ਕਰ ਕੇ ਨਿਕਲ ਜਾਓ, ਪਰ ਅਜੇ ਵੀ ਮੇਰੀ ਗੱਲ ਯਾਦ ਰਖਣੀ ਕਿ ਤੁਸਾਂ ਨੂੰ ਮੇਰੀ ਮਦਦ ਦੀ ਲੋੜ ਹੋਵੇ ਤਾਂ ਮੈਂ ਮਦਦ ਕਰੂੰਗੀ। ਜੇ ਤੁਸੀਂ ਮੇਰੀ ਇਕ ਵੀ ਮੰਨੋਗੇ ਤਾਂ ਉਹ ਇਹੋ ਹੀ ਹੈ ਕਿ ਇਸ ਰਿੱਛ ਨੂੰ ਖੜਗ ਨਾਲ ਕਟ ਕੇ ਮਾਰਨਾ ਨਾ। ਜਦ ਤਕ ਇਹ ਤੇਰੇ ਸਾਥ ਹੈ ਅਤੇ ਵਸ ਵਿਚ ਨਹੀਂ ਹੁੰਦਾ, ਮੈਂ ਹਮੇਸ਼ਾਂ ਪੰਜਾਂ ਭੂਤਾਂ ਸਣੇ ਇਸ ਦੇ ਅੰਗ ਸੰਗ ਰਹਾਂਗੀ।

ਮੈਂ—(ਰਿੱਛ ਨੂੰ) ਸੁਣ ਲਿਆ ਹੈ ? ਇਸ ਨੇ ਕੀ ਕਿਹਾ ਹੈ। ਜੇ ਤਾਂ ਚੰਗਾ ਕਰੇਂ ਤਾਂ ਤੂੰ ਮੇਰੇ ਵਸ ਹੋ ਜਾ, ਜੋ ਕਹਾਂ ਸੋ ਕਰੀਂ। ਜੇ ਮੇਰੀ ਗੱਲ ਤੈਨੂੰ ਮਨਜ਼ੂਰ ਨਹੀਂ ਤਾਂ ਆਹ ਵੇਖ ਲੈ, ਅਕਾਲੀ ਸਤਿਗੁਰੂ ਦੀ ਬਖ਼ਸ਼ੀ ਹੋਈ ਅਮੁਲੀ ਖੜਗ,



bsrstrust.org

ਫਿਰ ਇਹ ਜਾਣੇ ਅਤੇ ਤੂੰ ਜਾਣੀਂ। ਇਹ ਕਹਿਣ ਦੀ ਦੇਰ ਸੀ ਕਿ ਰਿੱਛ ਲਗਾ ਮਿੰਨਤਾਂ ਤਰਲੇ ਕਰਨ ਕਿ ਮੇਰੇ ਵਸ ਦੀ ਜੋ ਗੱਲ ਕਹੇਂਗਾ ਕਰ ਦਿਆਂਗਾ, ਪਰ ਮੁਕਤੀ ਦਰਵਾਜ਼ਿਓਂ ਪਾਰ ਮੈਂ ਕਦੇ ਕਿਸੇ ਨਾਲ ਨਹੀਂ ਗਿਆ ਅਤੇ ਨਾ ਹੀ ਜਾ ਸਕਦਾ ਹਾਂ। ਮੈਂ ਆਪਣੀ ਵਾਹ ਲਾਵਾਂਗਾ ਕਿ ਤੈਨੂੰ ਇਸ ਕਾਰਖ਼ਾਨਿਓਂ ਕਢ ਸਕਿਆ ਤਾਂ ਇਸ ਕਾਰਖ਼ਾਨਿਓਂ ਬਾਹਰ ਕੱਢ ਦੇਵਾਂਗਾ ਅਤੇ ਮੈਂ ਅੰਦਰ ਹੀ ਰਹਿ ਜਾਵਾਂਗਾ। ਮੇਰੇ ਨਾਲ ਹੁਣੇ ਚਲ, ਮੈਂ ਤੈਨੂੰ ਕਾਰਖ਼ਾਨਿਓਂ ਬਾਹਰ ਕੱਢਣ ਦੀ ਰਾਹ ਦਸਦਾ ਹਾਂ। ਜੇ ਨਿਕਲ ਸਕੇਂ ਤਾਂ ਵਾਹ ਵਾਹ, ਨਹੀਂ ਤਾਂ ਮੇਰੀ ਮੌਤ ਹੋਣੀ ਹੀ ਹੈ। ਇਹ ਕਹਿ ਕੇ ਉਸ ਨੇ ਮੈਨੂੰ ਆਪਣੇ ਉੱਤੇ ਸਵਾਰ ਕਰ ਲਿਆ ਅਤੇ ਕਾਰਖ਼ਾਨੇ ਦੀਆਂ ਚਾਰੇ ਕੂੰਟਾਂ ਦਸੇ ਦਿਸ਼ਾਂ ਦੀਆਂ ਹਦਾਂ ਉਤੇ ਪੁਜੇ ਤੇ ਕਹੇ ਕਿ ਇਸ ਤੋਂ ਅਗੇ ਮੈਂ ਨਹੀਂ ਜਾ ਸਕਦਾ, ਤੁਸੀਂ ਆਪੇ ਚਲੇ ਜਾਓ। ਮੈਂ ਵੀ ਵਾਹ ਲਾਵਾਂ, ਪਰ ਕਿਤੋਂ ਲੰਘਣ ਦੀ ਲਾਹ ਨਾ ਲਭੇ। ਉਹ ਸੂਖਮ ਵਸਤੂ (ਰੂਹ) ਜੋ ਕੰਧਾਂ, ਪਹਾੜਾਂ, ਸਮੁੰਦਰਾਂ, ਅੱਗਾਂ ਵਿਚ ਵੀ ਨਿਰਲੇਪ ਨਿਕਲ ਜਾਂਦੀ ਸੀ, ਹਦੋਂ ਬਾਹਰ ਕਿਸੇ ਪਾਸੇ ਨਾ ਨਿਕਲ ਸਕੇ। ਆਖ਼ਰ ਮੈਂ ਰਿੱਛ ਨੂੰ ਤਾੜਿਆ ਕਿ ਤੂੰ ਕੋਈ ਹੋਰ ਰਾਹ ਦਸ, ਜਿਸ ਦੁਆਰਾ ਮੈਂ ਇਸ ਕਾਰਖ਼ਾਨੇ ਦੀ ਕੈਦ ਤੋਂ ਛੁਟਕਾਰਾ ਪਾਵਾਂ। ਉਹ ਮੈਨੂੰ ਵੇਲਾ ਟਪਾਉਣ ਵਾਸਤੇ ਕਾਰਖ਼ਾਨੇ ਦੇ ਬਾਗ ਵਿਚ ਦੀ ਇਕ ਸੜਕ, ਜਿਸ ਦੇ ਦੋਹੀਂ ਪਾਸੀਂ ਵਡੇ ਵਡੇ ਸੰਘਣੇ ਫਲਦਾਰ ਬ੍ਰਿਛ ਖੜੇ ਸਨ, ਲੈ ਉਡਿਆ ਅਤੇ ਕਹਿਣ ਲਗਾ ਇਹਨਾਂ ਦਰੱਖ਼ਤਾਂ ਵਿਚ ਦੀ ਭਾਵੇਂ ਕੋਈ ਵੇਹਲ ਅਸਮਾਨ ਵਲ ਨੂੰ ਨਿਕਲ ਪਵੇ। ਮੈਂ ਉਸ ਦੀਆਂ ਵਾਗਾਂ ਖੁਲ੍ਹੀਆਂ ਛਡੀਆਂ ਹੋਈਆਂ ਹੀ ਸਨ। ਆਪ-ਮੁਹਾਰਾ ਉਪਰ ਲੈ ਉਡਿਆ। ਜਿੰਨਾ ਉਚਾ ਉਹ ਲੈ ਕੇ ਚੜ੍ਹੇ ਉਤਨੇ ਹੀ ਉਚੇ ਉਹ ਦਰੱਖ਼ਤ ਹੁੰਦੇ ਜਾਣ। ਅੰਤ ਥੱਕ ਟੁਟ ਕੇ ਨੀਵੀਂ ਉਡਾਰੀ ਹੋ ਗਿਆ, ਜਿਸ ਤਰ੍ਹਾਂ ਕਿ ਥੱਕ ਟੁੱਟ ਕੇ ਕਬੂਤਰ ਆਦਿਕ ਉਤਰਦੇ ਉਤਰਦੇ ਅੰਤ ਆਪਣੇ ਅਡੇ ਉਤੇ ਹੀ ਆ ਬੈਠਦੇ ਹਨ। ਮੈਨੂੰ ਕਾਰਖ਼ਾਨਾ ਨੇੜੇ ਦਿਸਣ ਲਗਾ। ਮੈਂ ਅੱਕ ਕੇ ਉਸ ਦੇ ਅੰਗ ਅੰਗ ਕਟਣੇ ਅਰੰਭ ਕਰ ਦਿਤੇ। ਉਸ ਨੇ ਵੀ ਮਿੰਨਤਾਂ ਤਰਲੇ ਕੀਤੇ, ਮੈਂ ਉਸ ਦੀ ਇਕ ਨਾ ਮੰਨੀ, ਪੁਰਜ਼ੇ ਪੁਰਜ਼ੇ ਕਟ ਘਤਿਆ।



bsrstrust.org

# ਪੰਜ ਮੂੰਹ ਕਾਲੇ—ਖ਼ਤਰੇ ਦੀ ਘੰਟੀ—ਦਫ਼ਤਰ ਵਿਚ ਲੇਖਾ—ਛੁਟਕਾਰਾ

ਰਿੱਛ ਨੂੰ ਮਾਰ ਕੇ ਅਸਮਾਨ ਤੋਂ ਮੈਂ ਭੀ ਕਾਰਖ਼ਾਨੇ ਦੀ ਇਕ ਸੜਕ ਉਤੇ ਤੁਰ ਪਿਆ ਅਤੇ ਜਿਧਰ ਨੂੰ ਰਸਤਾ ਜਾਂਦਾ ਸੀ, ਤੁਰਦਾ ਗਿਆ। ਅਜੇ ਥੋੜ੍ਹੀ ਹੀ ਵਾਟ ਗਿਆ ਹੋਵਾਂਗਾ ਕਿ ਮੈਨੂੰ ਪੰਜ ਮਜ਼ਦੂਰ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਸਾਹਮਣਿਓਂ ਆਉਂਦੇ ਹੋਏ ਮਿਲੇ। ਇਨ੍ਹਾਂ ਦੇ ਹੱਥ ਮੂੰਹ ਕਾਲੇ ਹੋਏ ਹੋਏ ਸਨ ਤੇ ਕਪੜੇ ਕਾਲਖ ਨਾਲ ਭਰੇ ਹੋਏ ਸਨ। ਮੈਨੂੰ ਦੇਖ ਕੇ ਇਹਨਾਂ ਨੇ ਆਪਸ ਵਿਚ ਗੱਲਬਾਤ ਕੀਤੀ ਤੇ ਥੋੜ੍ਹੇ ਚਿਰ ਪਿਛੋਂ ਮੇਰੇ ਸਾਹਮਣੇ ਆ ਖੜੋਤੇ ਤੇ ਮੈਨੂੰ ਪੁਛਣ ਲਗੇ ਕਿ—

'ਤੂੰ ਇਸ ਉਜਾੜ ਵਿਚ ਕਿਵੇਂ ਆ ਗਿਆ ? ਇਸ ਕਾਰਖ਼ਾਨੇ ਵਾਲਾ ਕੋਈ ਏਧਰ ਨਹੀਂ ਘੁੰਮ ਸਕਦਾ। ਨਾਲੇ ਇਹ ਪ੍ਰਤੀਤ ਹੁੰਦਾ ਹੈ ਕਿ ਤੂੰ ਇਸ ਕਾਰਖ਼ਾਨੇ ਵਿਚ ਕੰਮ ਨਹੀਂ ਕੀਤਾ, ਕਿਉਂਕਿ ਤੇਰੇ ਕਪੜੇ ਅਜੇ ਸਾਫ਼ ਸੁਥਰੇ ਹਨ। ਸਾਡੇ ਤੱਕ, ਕਿਸ ਤਰ੍ਹਾਂ ਹੱਥ ਮੂੰਹ ਕਾਲੇ ਹੋਏ ਪਏ ਹਨ ਅਤੇ ਕਪੜਿਆਂ ਦੀ ਕੀ ਹਾਲਤ ਹੈ। ਅਸੀਂ ਇਸ ਕਾਰਖ਼ਾਨੇ ਵਿਚ ਕੰਮ ਨਹੀਂ ਕਰਦੇ, ਸਗੋਂ ਹੋਰ ਮਜ਼ਦੂਰਾਂ ਤੋਂ ਰਿੱਛਾਂ ਦੁਆਰਾ ਕੰਮ ਕਰਾਉਂਦੇ ਹਾਂ।

ਮੈਂ ਉਹਨਾਂ ਨੂੰ ਸਾਰੀ ਵਿਥਿਆ ਸੁਣਾਈ। ਜਦ ਰਿੱਛ ਮਰੇ ਦੀ ਖ਼ਬਰ ਉਹਨਾਂ ਨੂੰ ਮਿਲੀ ਤਾਂ ਉਹਨਾਂ ਬੜਾ ਅਫ਼ਸੋਸ ਕੀਤਾ ਅਤੇ ਕਹਿਣ ਲਗੇ ਕਿ ਹੁਣ ਤੂੰ ਇਸ ਕਾਰਖ਼ਾਨੇ ਦੇ ਰਹਿਣ ਯੋਗ ਨਹੀਂ ਰਿਹਾ। ਅਸੀਂ ਤੇਰੀ ਮਦਦ ਕਰਦੇ ਹਾਂ ਤੇ ਤੈਨੂੰ ਬਾਹਰ ਕੱਢ ਦਿੰਦੇ ਹਾਂ। ਸਾਥੋਂ ਬਿਨਾਂ ਕੋਈ ਵੀ ਇਸ ਦਰਵਾਜ਼ਿਓਂ ਪਾਰ ਨਹੀਂ ਲੰਘ ਸਕਦਾ। ਅਸੀਂ ਰੋਜ਼ ਬਾਹਰ ਗਸ਼ਤ ਕਰਦੇ ਹਾਂ। ਜਿਸ ਦਾ ਰਿੱਛ ਸਾਡੇ ਫੰਦੇ ਵਿਚ ਫਸ ਜਾਏ, ਉਸ ਨੂੰ ਦੂਜੇ ਰਸਤੇ ਰਿੱਛ ਦੁਆਰਾ ਅੰਦਰ ਕਰ ਦਿੰਦੇ ਹਾਂ। ਤੂੰ ਤਾਂ ਰਿੱਛ ਹੀ ਮਾਰ ਘਤਿਆ ਹੈ, ਅਸੀਂ ਹੁਣ ਤੈਨੂੰ ਕੀ ਕਰੀਏ। ਜਦ ਸਾਡਾ



bsrstrust.org

ਵਾਲੀ-ਵਾਰਸ ਹੀ ਤੁਸਾਂ ਨ ਛਡਿਆ ਤਾਂ ਸਮਝੋ ਸਾਡਾ ਅੱਡਾ ਹੀ ਤੁਸਾਂ ਪੁਟ ਘਤਿਆ। ਹੁਣ ਤੂੰ ਸਾਡੇ ਕੰਮੋਂ ਹੀ ਗਿਆ ਗੁਜ਼ਰਿਆ। ਸਾਡੇ ਮੁਨਸ਼ੀ, ਦਰਬਾਨ, ਅਫਸਰ ਸਭ ਵਾਕਫ਼ ਹਨ, ਕਿਸੇ ਨਾ ਕਿਸੇ ਢੰਗ ਨਾਲ ਤੈਨੂੰ ਅਸੀਂ ਕੱਢ ਲੈ ਜਾਵਾਂਗੇ, ਡਰੀਂ ਨਾ। ਨਿਕਲਣ ਨੂੰ ਰਸਤਾ ਹੈ ਹੀ ਨਹੀਂ, ਪਰ ਹੁਣ ਇਸ ਕਾਰਖ਼ਾਨੇ ਦੇ ਸਿਪਾਹੀ, ਮੁਨਸ਼ੀ, ਦਰਬਾਨ, ਅਫ਼ਸਰ, ਜਿਸ ਨੂੰ ਵੀ ਸ਼ੱਕ ਪੈ ਗਿਆ ਕਿ ਛੇਵਾਂ ਸਾਥੀ ਹੋਰ ਭੀ ਨਿਕਲ ਰਿਹਾ ਹੈ, ਘੰਟੀ ਖੜਕਾ ਦੇਣਗੇ, ਜਿਸ ਦੇ ਸੁਣਦੇ ਸਾਰ ਦਰਬਾਨ ਬੂਹਾ ਬੰਦ ਕਰ ਦੇਵੇਗਾ। ਅਸੀਂ ਵੀ ਨਹੀਂ ਲੰਘ ਸਕਾਂਗੇ। ਪਰ ਤੁਸਾਂ ਨੂੰ ਪਕੜ ਯਾ ਵੇਖ ਕੋਈ ਨਹੀਂ ਸਕੇਗਾ। ਇਸ ਕਾਰਖ਼ਾਨੇ ਦਾ ਦਸਤੂਰ ਇਹੋ ਹੀ ਹੈ ਕਿ ਜਦ ਕੋਈ ਰਿੱਛ ਮਾਰ ਘਤੇ ਤਾਂ ਉਹ ਜਦ ਕੋਈ ਮੌਕਾ ਲਗੇ, ਬਾਹਰ ਨਿਕਲ ਜਾਂਦਾ ਹੈ। ਸਾਡਾ ਉਸ ਤੇ ਕੋਈ ਜ਼ੋਰ ਨਹੀਂ ਚਲ ਸਕਦਾ। ਸਾਥੋਂ ਬਿਨਾਂ ਇਸ ਕਾਰਖ਼ਾਨੇ ਦਾ ਕੰਮ ਹੀ ਨਹੀਂ ਚਲਦਾ। ਹਰ ਇਕ ਨੂੰ ਸਾਡੇ ਪੰਜਾਂ ਵਿਚੋਂ ਕਿਸੇ ਨਾ ਕਿਸੇ ਦੇ ਆਖੇ ਲਗਣਾ ਹੀ ਪੈਂਦਾ ਹੈ। ਜਿਸ ਦੇ ਆਖੇ ਲਗ ਗਿਆ ਉਹੋ ਹੀ ਉਸ ਨੂੰ ਕੋਈ ਨਾ ਕੋਈ ਲਾਲਚ ਦੇ ਕੇ ਆਹਰੇ ਲਾਈ ਰਖਦਾ ਹੈ। ਅਸੀਂ ਤੈਨੂੰ ਧੋਖਾ ਨਹੀਂ ਦੇ ਸਕਦੇ। ਆਪਣੇ ਹੀ ਸੁਆਰਥ ਲਈ ਬਾਹਰ ਕੱਢਣਾ ਚਾਹੁੰਦੇ ਹਾਂ। ਸਾਨੂੰ ਕੇਵਲ ਇਤਨਾ ਹੀ ਡਰ ਹੈ ਕਿ ਕਿਤੇ ਇਹ ਕਹਾਣੀ ਦੂਜੇ ਮਜ਼ਦੂਰ ਵੀ ਸੁਣ ਕੇ ਆਪੋ ਆਪਣੇ ਰਿੱਛ ਨਾ ਮਾਰ ਘਤਣ। ਲੈ ਹੁਣ ਤੂੰ ਸਾਡੀ ਵਿਉਂਤ (ਸਲਾਹ) ਸੁਣ ਲੈ। ਅਸਾਂ ਇਹ ਸਲਾਹ ਕੀਤੀ ਹੈ ਕਿ ਸਾਡੇ ਵਿਚੋਂ ਇਕ ਏਥੇ ਹੀ ਰਹਿ ਪਵੇਗਾ ਅਤੇ ਅਸੀਂ ਚਾਰ ਜਦ ਤੇਰੇ ਨਾਲ ਬੂਹਿਓਂ ਬਾਹਰ ਨਿਕਲ ਜਾਵਾਂਗੇ ਤਾਂ ਪੰਜਵਾਂ ਮੁਨਸ਼ੀ ਨੂੰ ਆਪਣਾ ਨਾਮ ਲਿਖਾ ਕੇ ਕੁਝ ਰਲਾ ਛਲਾ ਮਾਰ ਕੇ ਆ ਜਾਵੇਗਾ ਕਿ ਮੈਂ ਕਿਸੇ ਕੰਮ ਵਾਸਤੇ ਬੂਹੇ ਤੋਂ ਉਰੋਂ ਹੀ ਮੁੜ ਆਇਆ ਸੀ ਅਤੇ ਵਿਹਲਾ ਹੋ ਕੇ ਚਲਿਆ ਹਾਂ। ਜੇ ਕਿਸੇ ਨੇ ਪਤਾ ਕਢ ਕੇ ਅਲਾਰਮ (ਘੰਟੀ) ਕਰ ਦਿਤੀ, ਤਾਂ ਤੂੰ ਆਪਣੀ ਅਸਲੀ ਸ਼ਕਲ ਧਾਰਨ ਕਰ ਲਈਂ। ਅਸੀਂ ਦਰਬਾਨ ਨਾਲ ਮਿਲ ਕੇ ਅਗੇ ਹੀ ਝੂਠੇ ਕਾਗਜ਼ ਪਤੱਰ ਦਬੇ ਹੋਏ ਅਫ਼ਸਰਾਂ ਨੂੰ ਵਿਖਾ ਦਿਆਂਗੇ ਕਿ ਅਸੀਂ ਅਜ ਇਸ ਨੂੰ ਕਾਰਖ਼ਾਨਾ ਦਿਖਾਉਣ ਵਾਸਤੇ ਲੈ ਆਏ ਸੀ। ਜੇ ਤਾਂ ਇਹ ਫਸ ਗਿਆ ਤਾਂ ਚੰਗਾ, ਨਹੀਂ ਤਾਂ ਵਾਪਸ ਹੀ ਲੈ ਜਾਵਾਂਗੇ। ਅਜੇ ਦਫ਼ਤਰ ਵਿਚ ਇਸ ਦਾ ਨਾਉਂ ਪਤਾ ਨਾ ਲਿਖਣਾ। ਅਫ਼ਸਰਾਂ ਨੂੰ ਸਾਫ਼ ਹੀ ਦਸ ਦੇਵਾਂਗੇ ਕਿ ਇਸ ਨੇ ਰਿੱਛ



bsrstrust.org

ਤਾਂ ਮਾਰ ਹੀ ਛਡਿਆ ਹੈ, ਹੁਣ ਸਾਡੇ ਕੰਮ ਦਾ ਨਹੀਂ ਰਿਹਾ। ਆਪੇ ਉਹ ਵੀ ਚੁਪ ਕਰ ਜਾਣਗੇ ਅਤੇ ਖ਼ੁਸ਼ੀ ਖ਼ੁਸ਼ੀ ਆਪੇ ਕੱਢਣ ਦੀ ਕਰਨਗੇ। ਉਹ ਚਾਰ ਮੇਰੇ ਨਾਲ ਤੁਰ ਪਏ, ਪਰ ਕਪੜੇ, ਮੈਲੇ ਕੁਚੈਲੇ ਪੰਜਵੇਂ ਵਰਗੇ ਮੈਨੂੰ ਪਹਿਨਾ ਦਿਤੇ, ਮੂੰਹ ਹੋਰ ਵੀ ਕਾਲੇ ਕਰ ਦਿੱਤੇ। ਪਤਾ ਨਹੀਂ ਇਹ ਵੇਸ ਉਹਨਾਂ ਕਿਸ ਤਰ੍ਹਾਂ ਬਣਾ ਦਿਤਾ, ਉਹਨਾਂ ਪਾਸ ਨਾ ਤਾਂ ਕਪੜਾ ਵਾਧੂ ਸੀ, ਨਾ ਹੀ ਕੋਲਿਆਂ ਦੀ ਸਿਆਹੀ, ਮੇਰੇ ਹੀ ਕਪੜੇ ਜੋ ਸਾਫ਼ ਅਤੇ ਸੁਥਰੇ ਭਾਸਦੇ ਸਨ, ਦੂਜਿਆਂ ਨੂੰ ਮੈਲੇ ਭਾਸਣੇ ਹੀ ਸੀ, ਮੈਨੂੰ ਆਪ ਵੀ ਮੈਲੇ ਲਗਣ। ਮੇਰੀ ਅਤੇ ਉਹਨਾਂ ਦੀ ਪੁਸ਼ਾਕ ਵਿਚ ਕੋਈ ਫ਼ਰਕ ਨਾ ਦਿਸੇ। ਅਜੇ ਥੋੜੀ ਹੀ ਦੂਰ ਗਏ ਸੀ ਕਿ ਇਕ ਗੁੰਬਜ਼ੀ ਜਹੀ, ਸੜਕ ਦੇ ਉਤੇ ਨਾਲ ਹੀ ਦਿਸੀ, ਜਿਸ ਵਿਚ ਇਕ ਮੁਨਸ਼ੀ ਜਾਂ ਪਹਿਰੇਦਾਰ ਲਿਖਾਰੀ (ਚਿਤ੍ਰ ਗੁਪਤ) ਬੈਠਾ ਸੀ। ਉਸ ਨੇ ਸਾਨੂੰ ਡਕ ਲਿਆ ਅਤੇ ਪਹਿਲੇ ਆਦਮੀ ਨੇ ਕਹਿ ਦਿਤਾ ਕਿ ਅਸੀਂ ਪੰਜੇ ਵਾਪਸ ਜਾਂਦੇ ਹਾਂ, ਪੰਜਾਂ ਦਾ ਨਾਉਂ ਸੁਣ ਕੇ ਉਸ ਨੇ ਕੁਝ ਗਹੁ ਨਾ ਕੀਤਾ। ਅਸੀਂ ਅਗੇ ਫਾਟਕ ਵਲ ਨੂੰ ਟੁਰ ਗਏ। ਅਜੇ ਫਾਟਕ ਉਤੇ ਪੁਜੇ ਹੀ ਸੀ ਕਿ ਪਿਛੇ ਪੰਜਵਾਂ ਵੀ ਮੁਨਸ਼ੀ ਦੇ ਦਫ਼ਤਰ ਵਿਚ ਪੁਜ ਗਿਆ। ਉਸ ਤੋਂ ਮੁਨਸ਼ੀ ਨੇ ਪੁਛਿਆ ਕਿ ਤੂੰ ਕੌਣ ਹੈਂ ? ਉਸ ਨੇ ਉਤਰ ਦਿਤਾ ਕਿ ਮੈਂ ਪੰਜਾਂ ਵਿਚੋਂ ਇਕ ਸਾਂ।

ਮੁਨਸ਼ੀ—ਉਹ ਪੰਜੇ ਹੁਣੇ ਹੀ ਏਥੋਂ ਦੀ ਲੰਘ ਗਏ ਹਨ।

ਪੰਜਵਾਂ—ਨਹੀਂ ਜੀ, ਉਹ ਤਾਂ ਚਾਰੇ ਹੀ ਹੋਣੇ ਨੇ ਜਾਂ ਤੁਸਾਂ ਮੈਨੂੰ ਡਿਠਾ ਨਹੀਂ ਹੋਣਾ। ਤੁਰਿਆ ਤਾਂ ਮੈਂ ਭੀ ਉਨ੍ਹਾਂ ਦੇ ਨਾਲ ਹੀ ਸੀ, ਪਰ ਮੈਨੂੰ ਥੋੜਾ ਜਿਹਾ ਕੰਮ ਸੀ, ਇਸ ਵਾਸਤੇ ਪਿਛੇ ਦਾ ਪਿਛੇ ਹੀ ਬਿਨਾਂ ਸਾਥੀਆਂ ਨੂੰ ਖ਼ਬਰ ਕੀਤੇ ਮੁੜ ਗਿਆ ਸੀ।

ਮੁਨਸ਼ੀ—ਮੈਂ ਤੈਨੂੰ ਪਛਾਣਦਾ ਤਾਂ ਹਾਂ ਪਰ ਮੇਰੇ ਦਫ਼ਤਰ ਦੀਆਂ ਕਿਤਾਬਾਂ ਵਿਚ ਹਰ ਥਾਂ ਪੰਜ ਲੰਘ ਚੁਕੇ ਲਿਖਿਆ ਪਿਆ ਹੈ। ਆਹ ਵੇਖ ਉਹਨਾਂ ਦੀ ਆਵਾਜ਼ ਵਾਲੀ ਕਿਤਾਬ। ਮੈਂ ਪੁਛਿਆ, ਜੀ ਤੁਸੀਂ ਕੌਣ ਹੋ। ਉਤਰ ਸੀ,, ਅਸੀਂ ਪੰਜੇ ਹਾਂ। ਉਹ, ਵੇਖ ਫਾਟਕ ਦੀ ਕਿਤਾਬ ਜੋ ਆਪੇ ਹੀ ਲਿਖੀ ਜਾਂਦੀ ਹੈ, ਪੰਜ ਲੰਘ ਗਏ।



bsrstrust.org

ਪੰਜਵਾਂ—'ਪੰਜੇ ਹਾਂ ਜੀ' ਉਹਨਾਂ ਗ਼ਲਤੀ ਨਾਲ ਕਹਿ ਦਿਤਾ ਹੋਵੇਗਾ। ਮੈਂ ਤੁਹਾਨੂੰ ਦਸ ਹੀ ਚੁੱਕਾ ਸਾਂ, ਪਰ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਪੰਜਵਾਂ ਉਹਨਾਂ ਨਾਲ ਲੰਘ ਕੌਣ ਗਿਆ ? ਹਾਂ ਇਕ ਗੱਲ ਯਾਦ ਆ ਗਈ, ਸ਼ਾਇਦ ਸਵੇਰੇ ਅਸੀਂ ਆਉਂਦੇ ਹੋਏ ਇਕ, ਕਾਰਖ਼ਾਨਾ ਦੇਖਣ ਵਾਸਤੇ ਫਾਹੀ ਵਿਚ ਫਾਹੁਣ ਵਾਸਤੇ ਦੂਜੇ ਪਾਸੇ ਥਾਣੀਂ ਰਿੱਛ ਨਾਲ ਘਲਿਆ ਸੀ, ਸ਼ਾਇਦ ਉਸ ਨੇ ਰਿਛ ਨੂੰ ਮਾਰ ਸੁਟਿਆ ਹੈ, ਕਿਤੇ ਉਹੋ ਹੀ ਤਾਂ ਨਹੀਂ ਰਲ ਗਿਆ। ਮੇਰੀ ਸਮਝ ਵਿਚ ਉਹੋ ਹੀ ਹੋਣਾ ਹੈ, ਪਰ ਉਹ ਇਥੋਂ ਦੀ ਪਾਰ ਤਾਂ ਨਹੀਂ ਲੰਘ ਸਕਦਾ ਸੀ। ਇਸੇ ਵਾਸਤੇ ਉਹ ਭੇਸ ਵਟਾ ਕੇ ਦੂਜਿਆਂ ਦੇ ਨਾਲ ਹੀ ਲੰਘ ਗਿਆ ਹੋਣਾ ਹੈ। ਮੁਨਸ਼ੀ ਜੀ! ਹੁਣ ਜਾਣ ਦਿਓ। ਕੋਈ ਗੱਲ ਨਹੀਂ, ਅੰਤ ਉਸ ਨੂੰ ਬਾਹਰ ਕੱਢਣਾ ਹੀ ਪੈਣਾ ਹੈ। ਮੇਰਾ ਕਿਹਾ ਮੰਨ ਕੇ ਜਾਣ ਦੇਵੋ। ਅਗੇ ਨੂੰ ਅਸੀਂ ਅਜਿਹੀ ਗਲਤੀ ਨਹੀਂ ਕਰਾਂਗੇ।

ਮੁਨਸ਼ੀ—ਭਲਿਆ ਪੁਰਸ਼ਾ, ਤੂੰ ਤਾਂ ਚੰਗੀ ਤਰ੍ਹਾਂ ਜਾਣਦਾ ਹੈਂ ਕਿ ਇਥੇ ਚਤਰਾਈ ਅਕਲ ਕੰਮ ਨਹੀਂ ਕਰਦੀ। ਸਚੋ ਸਚ ਕਿਤਾਬਾਂ ਵਿਚ ਆਪੇ ਹੀ ਲਿਖਿਆ ਜਾਂਦਾ ਹੈ, ਮੈਂ ਕਿਤਾਬਾਂ ਤਾਂ ਨਹੀਂ ਭੰਨ ਸਕਦਾ। ਮੈਂ ਗਿਣਤੀ ਕਿਸ ਤਰ੍ਹਾਂ ਪੂਰੀ ਕਰਾਂਗਾ। ਜਦ ਸ਼ਾਮ ਨੂੰ ਰਾਤ ਪਈ, 'ਸਭ ਅੱਛਾ' ਹੋਵੇਗਾ ਤਾਂ ਪੜਦਾ ਉਘੜ ਹੀ ਜਾਣਾ ਹੈ। ਹੁਣੇਂ ਕਿਉਂ ਨਾ ਘੰਟੀ ਖੜਕਾ ਦੇਵਾਂ।

ਪੰਜਵਾਂ—ਇਹ ਤੁਹਾਡੀ ਖ਼ੁਸ਼ੀ ਹੈ। ਉਸ ਦਾ ਰਿੱਛ ਤਾਂ ਉਸ ਦੇ ਨਾਲ ਹੈ ਹੀ ਨਹੀਂ। ਸਾਡੇ ਕਿਸੇ ਪਹਿਰੇ ਵਾਲੇ ਜਾਂ ਇਸ ਕਾਰਖ਼ਾਨੇ ਵਾਲਿਆਂ ਨੂੰ ਦਿਸੇਗਾ ਤਾਂ ਨਹੀਂ, ਉਸ ਦਾ ਫੜਾਂਗੇ ਕੀ ? ਹਾਂ ਤੁਸਾਡੀ ਹੁਸ਼ਿਆਰੀ ਗਿਣੀ ਜਾਵੇਗੀ।

ਮੁਨਸ਼ੀ—ਮੈਨੂੰ ਹੁਸ਼ਿਆਰੀ ਵਿਖਾਲਣ ਦੀ ਲੋੜ ਨਹੀਂ। ਸ਼ਾਮ ਨੂੰ ਜਦ ਅਫ਼ਸਰਾਂ ਨੂੰ ਪਤਾ ਲਗ ਹੀ ਜਾਣਾ ਹੈ, ਹੁਣੇ ਕਿਉਂ ਨਾ ਇਸ ਦਾ ਨਿਬੇੜਾ ਕਰ ਲਈਏ।

ਪੰਜਵਾਂ—ਜੋ ਤੁਸਾਡੀ ਸਲਾਹ, ਮੇਰਾ ਤਾਂ ਕੋਈ ਹਰਜ ਨਹੀਂ। ਮੈਨੂੰ ਤਾਂ ਲੰਘ ਜਾਣ ਦੇਵੋ, ਮੇਰੇ ਰੋਕਣ ਦਾ ਤੁਹਾਨੂੰ ਕੋਈ ਫ਼ਾਇਦਾ ਨਹੀਂ।

ਮੁਨਸ਼ੀ—ਜਲਦੀ ਫਾਟਕੋਂ ਦੂਜੇ ਪਾਸੇ ਹੋ ਜਾ, ਪਰ ਅਗਲਾ ਫਾਟਕ ਫ਼ੈਸਲਾ ਹੋਏ ਤੋਂ ਖੁਲ੍ਹੇਗਾ ਅਤੇ ਤੈਨੂੰ ਵਿਚ ਵਿਚਾਲੇ ਹੀ ਨਸਣਾ ਭਜਣਾ ਪਵੇਗਾ।



bsrstrust.org

ਪੰਜਵਾਂ—ਤਾਂ ਮੇਰੇ ਇਥੋਂ ਲੰਘਣ ਦਾ ਕੀ ਫ਼ਾਇਦਾ ? ਜੇ ਮੈਂ ਅਗਲਾ ਫਾਟਕ ਨਹੀਂ ਲੰਘ ਸਕਦਾ ਤਾਂ ਮੈਂ ਇਥੇ ਹੀ ਕਿਉਂ ਨਾ ਅਟਕਿਆ ਰਹਾਂ ?

ਮੁਨਸ਼ੀ—ਇਸ ਵਿਚ ਤੈਨੂੰ ਤਾਂ ਕੋਈ ਲਾਭ ਨਹੀਂ, ਪਰ ਮੈਨੂੰ ਤਾਂ ਹੈ ਨਾ।

ਪੰਜਵਾਂ—ਇਹ ਮੈਂ ਨਹੀਂ ਸਮਝ ਸਕਿਆ ਕਿ ਤੁਹਾਨੂੰ ਕੀ ਲਾਭ ਹੈ ?

ਮੁਨਸ਼ੀ—ਲੈ ਸੁਣ ਲੈ, ਇਕ ਮੇਰੇ ਪਾਸ ਪੱਕਾ ਸਬੂਤ ਹੋ ਜਾਵੇਗਾ। ਗਿਣਤੀ ਅਤੇ ਫਾਟਕ ਵਾਲੀਆਂ ਕਿਤਾਬਾਂ ਦਸਣਗੀਆਂ ਕਿ ਜੋ ਕੁਝ ਮੈਂ ਕਹਿ ਰਿਹਾ ਹਾਂ ਠੀਕ ਅਤੇ ਸਚ ਹੀ ਹੈ। ਮੈਂ ਨਿਰਾ ਪੁਰਾ ਸ਼ੱਕ ਵਿਚ ਹੀ ਨਹੀਂ ਕਹਿ ਰਿਹਾ ਕਿ ਇਕ ਮਜ਼ਦੂਰ ਵਾਧੂ ਭੇਸ ਵਟਾ ਕੇ ਜਾਂ ਧੋਖਾ ਦੇ ਕੇ ਏਥੋਂ ਦੀ ਲੰਘ ਗਿਆ ਹੈ।

ਪੰਜਵਾਂ—ਝਟ ਪਟ ਫਾਟਕ ਤੋਂ ਅਗੇ ਲੰਘ ਗਿਆ। ਮੁਨਸ਼ੀ ਨੇ ਝਟ ਪਟ ਘੰਟੀ ਖੜਕਾ ਦਿਤੀ, ਜਿਸ ਦੇ ਖੜਕਣ ਸਾਰ ਹੀ ਥਾਂ ਥਾਂ ਤਰਥੱਲੀ ਮਚ ਗਈ, ਪਹਿਰੇ ਕਰੜੇ ਲਾਏ ਗਏ। ਸਭ ਅਫ਼ਸਰ ਅਤੇ ਕੁਝ ਸਿਪਾਹੀ (ਜਮਦੂਤ) ਘੰਟੀ ਵਾਲੀ ਜਗ੍ਹਾ ਨੂੰ ਨਠੇ ਆਏ।

ਇਹ ਲਿਖਣ ਵਿਚ ਇਸ ਤਰ੍ਹਾਂ ਮੈਂ ਪ੍ਰਗਟ ਕਰ ਸਕਦਾ ਹਾਂ—ਉਂਜ ਤਾਂ ਇਉਂ ਪਤਾ ਲਗਦਾ ਸੀ ਕਿ ਪਹਿਰੇ ਵਾਲੇ, ਘੰਟੀ, ਦਰਬਾਨ, ਪੰਜੇ ਕਾਲੇ ਮਜ਼ਦੂਰ ਤੇ ਛੇਵਾਂ ਮੈਂ ਭੀ ਸਿਪਾਹੀ ਅਤੇ ਅਫ਼ਸਰ ਘੰਟੀ ਖੜਕਣ ਸਾਰ ਇਕੱਠੇ ਹੀ ਸੀ। ਕਿਤਾਬਾਂ ਦੀ ਪੜਤਾਲ ਤੋਂ ਪਤਾ ਲਗਾ ਕਿ ਜ਼ਰੂਰ ਛੇਵਾਂ ਆਦਮੀ ਇਸ ਫਾਟਕੋਂ ਲੰਘ ਗਿਆ ਹੈ, ਪਰ ਅਜੇ ਵਡੇ ਫਾਟਕੋਂ ਅੰਦਰ ਹੀ ਹੈ। ਇਹ ਥਾਂ ਵੀ ਕੋਈ ਥੋੜ੍ਹਾ ਨਹੀਂ ਸੀ ਕਿਉਂਕਿ ਸਭ ਮਜ਼ਦੂਰਾਂ ਦੀ ਪਰੇਟ ਜੁਗਾਂ ਬੀਤਣ ਪਿਛੇ ਇਸ ਥਾਂ ਹੁੰਦੀ ਸੀ, ਲਗੇ ਬੋਲਣ, ਮੇਰੇ ਪੰਜੇ ਸਾਥੀ ਵੀ ਹੁਸ਼ਿਆਰ ਸਨ, ਮੌਕਾ ਤਾੜ ਕੇ ਲਾਂਭੇ ਚਾਂਭੇ ਭਾਲਣ ਲਗੇ। ਪਰ ਨਕਲੀ ਸੂਰਤ ਘੰਟੀ ਹੁੰਦੇ ਸਾਰ ਹੀ ਬਦਲਾ ਦਿਤੀ। ਮੈਂ ਸਭ ਨੂੰ ਵੇਖਾਂ, ਪਰ ਮੈਨੂੰ ਉਨ੍ਹਾਂ ਵਿਚੋਂ ਕੋਈ ਨਾ ਵੇਖ ਸਕੇ, ਪਰ ਕਿਸੇ ਪਾਸਿਓਂ ਬਾਹਰ ਲੰਘਣ ਨੂੰ ਥਾਂ ਮੈਨੂੰ ਵੀ ਨਾ ਲਭੇ। ਮੈਂ ਕਿਧਰ ਕਿਧਰ ਅਤੇ ਕਿਸ ਕਿਸ ਥਾਂ ਘੁਮਿਆ, ਭਜਾ ਨਠਾ, ਮੈਨੂੰ ਪੱਕਾ ਯਾਦ ਨਹੀਂ ਰਿਹਾ। ਅੰਤ ਭਾਲਤੇ ਭਾਲਦੇ ਸਭ ਥਕ ਗਏ ਅਤੇ ਭਾਲਣ ਦਾ ਵਕਤ ਮੁਕ ਗਿਆ। ਮੇਰੇ ਪੰਜੇ ਚਲਾਕ ਸਾਥੀ ਦਰਬਾਨ ਪਾਸ ਪੁਜੇ ਅਤੇ ਟਿਪੀ ਰਲਾਈ ਕਿ ਤੂੰ ਆਪ ਸਿਆਣਾ ਹੈਂ। ਇਸ ਨੂੰ



bsrstrust.org

ਅਸੀਂ ਇਥੇ ਰਖ ਕੇ ਕੀ ਕਰਾਂਗੇ, ਲੰਘ ਜਾਣ ਦੇ। ਅਸੀਂ ਫ਼ਰਜ਼ੀ ਕਾਗ਼ਜ਼ ਬਣਾ ਕੇ ਅਗੇ ਹੀ ਰੱਖੇ ਹੋਏ ਹਨ। ਸਾਨੂੰ ਰਿੱਛ ਮਾਰਨ ਸੰਬੰਧੀ ਠਗਣੀ ਵਲੋਂ ਰਪੋਟ ਪਹਿਲਾਂ ਹੀ ਪੁਜੀ ਹੋਈ ਸੀ ਕਿ ਇਹ ਪਤਾ ਨਹੀਂ ਕਦੋਂ ਰਿੱਛ ਨੂੰ ਮਾਰ ਘਤੇ। ਇਸ ਵਾਸਤੇ ਜੇ ਇਹ ਰਿੱਛ ਨੂੰ ਮਾਰ ਸੁਟੇ ਅਤੇ ਤੁਸਾਂ ਨੂੰ ਮਿਲ ਜਾਵੇ ਤਾਂ ਤੁਸੀਂ ਇਸ ਨੂੰ ਬਾਹਰ ਕਢਵਾ ਦੇਣਾ। ਉਮੈਦ ਹੈ ਕੁਲ ਅਫ਼ਸਰਾਂ ਨੂੰ ਤਾਂ ਆਪੇ ਹੀ ਪਤਾ ਲਗ ਚੁਕਾ ਹੋਵੇਗਾ ਕਿ ਇਸ ਨੇ ਰਿੱਛ ਨੂੰ ਮਾਰ ਸੁਟਿਆ ਹੈ। ਦਰਬਾਨ ਪੰਜਾਂ ਦੀ ਸਿਫ਼ਾਰਸ਼ ਵਾਸਤੇ ਵਡੇ ਅਫ਼ਸਰ (ਧਰਮ ਰਾਜ) ਪਾਸ ਪੁਜਾ ਜੋ ਕਾਗ਼ਜ਼ ਵੇਖ ਕੇ ਆਪੋ ਹੀ ਕਹਿ ਉਠਿਆ, "ਮੇਰੀਆਂ ਕਿਤਾਬਾਂ ਵਿਚ ਅਗੇ ਨੂੰ ਇਸ ਦਾ ਕੋਈ ਲੇਖਾ ਨਹੀਂ ਰਿਹਾ।"

('ਧਰਮ ਰਾਇ ਕਾ ਦਫ਼ਤਰੁ ਸੋਧਿਆ ਬਾਕੀ ਰਿਜਮ ਨ ਕਾਈ') ਇਸ ਨੂੰ ਇਕ-ਦਮ ਬਾਹਰ ਕਢਵਾ ਦਿਓ।

ਮੈਂ ਪਾਸ ਹੀ ਖੜਾ ਸੁਣਦਾ ਸੀ, ਪੰਜਾਂ ਦੇ ਨਾਲ ਹੀ ਬਾਹਰ ਨਿਕਲ ਗਿਆ। ਮੈਨੂੰ ਕਿਸੇ ਨਾ ਡਿੱਠਾ। ਬਾਹਰ ਮੈਂ ਕਿਥੇ ਕਿਥੇ ਫਿਰਿਆ, ਉਹ ਫਿਰ ਕਦੇ ਦਸਾਂਗਾ।

ਇਸ ਤੋਂ ਬਾਅਦ ਮੇਰੀ ਅੱਖ ਖੁਲ੍ਹ ਗਈ, ਜੇਲ੍ਹ ਦੀ ਸਵੇਰ ਸਾਰ ਦੀ ਘੰਟੀ ਹੋ ਰਹੀ ਸੀ। ਹਾਲੀ ਮੇਰਾ ਦਿਮਾਗ ਤੇ ਸਰੀਰ ਥਕ ਗਏ ਹਨ। ਜੋ ਕਿਤੇ ਫਿਰ ਅਜਿਹਾ ਸੁਪਨਾ ਆਇਆ ਤਾਂ ਫਿਰ ਦਸਾਂਗਾ।



bsrstrust.org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧ ਜੇਲ੍ਹ ਚਿੱਠੀਆਂ
੨ ਰੰਗਲੇ ਸੱਜਣ
੩ ਅਣਡਿੱਠੀ ਦੁਨੀਆ
੪ ਗੁਰਮਤਿ ਬਿਬੇਕ
੫ ਗੁਰਮਤਿ ਲੇਖ
੬ ਗੁਰਮਤਿ ਪ੍ਰਕਾਸ਼
੭ ਗੁਰਮਤਿ ਵਿਚਾਰ
੮ ਗੁਰਮਤਿ ਗੌਰਵਤਾ
੯ ਸੰਤ ਪਦ ਨਿਰਣੈ
੧੦ ਕਥਾ ਕੀਰਤਨ
੧੧ ਸਰਖੰਡ ਦਰਸ਼ਨ
੧੨ ਗੁਰਮਤਿ ਸਚ ਨਿਰਣੈ
੧੩ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ?
੧੪ ਗੁਰਮਤਿ ਨਾਮ ਅਭਿਆਸ ਕਮਾਈ
੧੫ ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੬ ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੭ ਚਰਨ ਕਮਲ ਕੀ ਮਉਜ
੧੮ ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
੧੯ ਅਨਹਦ ਸ਼ਬਦ ਦਸਮ ਦੁਆਰ
੨੦ ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
੨੧ ਜੋਤਿ ਵਿਗਾਸ (ਮਹਾਂ ਕਾਵਿ)
੨੨ ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੩ Autobiography of Bhai Sahib Randhir Singh
੨੪ Meaning of Sikh Baptism

ਛੋਟੇ ਟ੍ਰੈਕਟ :

੨੫ ਅੰਮ੍ਰਿਤ ਕੀ ਹੈ?
੨੬ ਅੰਮ੍ਰਿਤ ਕਲਾ
੨੭ ਗੁਰਮਤਿ ਰਮਜ਼ਾਂ
੨੮ ਸਿੱਖ ਕੌਣ ਹੈ?
੨੯ ਸੱਚੀਆਂ ਦਾੜ੍ਹੀਆਂ
੩੦ ਵਾਹਿਗੁਰੂ ਸਿਮਰਨ
੩੧ ਸੁਪਨਾ
੩੨ ਆਸਤਕ ਤੇ ਨਾਸਤਕ
੩੩ ਸ਼ੰਕਿਆ ਦੇ ਉੱਤਰ
੩੪ ਨਾਮ ਸਬੰਧੀ ਵਿਚਾਰ
੩੫ ਪ੍ਰਗਟੀ ਜੋਤ ਮਿਲੇ ਰਾਮ ਪਿਆਰੇ
੩੬ ਤਿਮਰ ਅਗਿਆਨ ਤੋਂ ਉਜਿਆਰਾ
੩੭ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੮ ਸਿੰਘਾਂ ਦਾ ਪੰਥ ਨਿਰਾਲਾ
੩੯ ਬਾਬਾ ਵੈਦ ਰੋਗੀਆਂ ਦਾ
੪੦ ਕੋ ਵਿਰਲਾ ਗੁਰਮਤਿ ਚਲੈ ਜੀਉ
੪੧ ਹਉਮੈ ਨਾਵੈ ਨਾਲਿ ਵਿਰੋਧੁ ਹੈ
੪੨ ਨਾਮ ਦਾ ਦਾਤਾ ਸਤਿਗੁਰੂ
੪੩ ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੪ ਸਿੱਖੀ ਸਿਦਕ ਤੇ ਧਰਮ ਰੱਖਿਆ
੪੫ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ
੪੬ ਖਾਲਸਾ ਜੀ ਦਾ ਗੁਰਮਤ ਆਦਰਸ਼


## ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ

ਐਫ-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ